ਮਨਮੋਹਨ ਸਿੰਘ ਦਾਊਂ

# ਬਾਲ ਝਰੋਖਾ



# ਬਾਲ ਝਰੋਖਾ

(ਬਚਪਨ ਦੀਆਂ ਯਾਦਾਂ)

ਮਨਮੋਹਨ ਸਿੰਘ ਦਾਊਂ

ਲੋਕਗੀਤ ਪ੍ਰਕਾਸ਼ਨ
ਐਸ.ਸੀ.ਓ. 26-27, ਚੌਥੀ ਮੰਜ਼ਿਲ, ਸੈਕਟਰ 34-ਏ, ਚੰਡੀਗੜ੍ਹ।

# ਤਤਕਰਾ


~ ਮੇਰੇ ਬਚਪਨ ਦਾ ਮੁਢਲਾ ਸਕੂਲ 3

~ ਸਮੇਂ ਦੀ ਕਦਰ 7

~ ਮੇਰੇ ਬਚਪਨ ਦੀਆਂ ਬਾਲ-ਖੇਡਾਂ 9

~ ਘੂਚਾ-ਪੀਚੀ ਬੰਦ 16

~ ਮੇਰਾ ਪ੍ਰੇਰਨਾ ਸ੍ਰੋਤ 19

~ ਇੱਕ ਤੀਲੀ ਦੀ ਘਟਨਾ 22

~ ਨਿੱਕੀਆਂ ਚੀਜ਼ਾਂ ਦੀ ਕਦਰ 25

~ ਬਚਪਨ ਨੇ ਜੋ ਡਿੱਠਾ ਸੁਣਿਆ 30

~ ਜਦੋਂ ਮੀਂਹ ਪੈਂਦਾ 34

~ ਬਚਪਨ ਦੇ ਸ਼ੌਕ ਤੇ ਰੀਝਾਂ 37


ਸਮਰਪਿਤ

ਆਪਣੇ ਪਿੰਡ ਦਾਊਂ ਦੀ ਮਿੱਟੀ ਦੇ ਨਾਂ ਜਿੱਥੇ ਮੈਂ ਆਪਣਾ ਬਚਪਨ ਜੀਵਿਆ ਤੇ ਮਾਣਿਆ !!

# ਮੇਰੇ ਬਚਪਨ ਦਾ ਮੁਢਲਾ ਸਕੂਲ



ਮੈਨੂੰ ਉਹ ਦਿਨ ਅਜੇ ਵੀ ਯਾਦ ਹੈ ਜਦੋਂ ਮੈਂ ਆਪਣੀ ਮਾਤਾ ਜੀ ਦੀ ਉਂਗਲ ਫੜ ਕੇ ਸਕੂਲ ਪੜ੍ਹਨ ਤੁਰਿਆ ਸੀ। ਉਦੋਂ ਮੇਰੀ ਉਮਰ ਲਗ-ਪਗ ਸਾਢੇ ਪੰਜ ਕੁ ਸਾਲ ਦੀ ਸੀ। ਮੇਰੇ ਨਾਲ ਹੀ ਮੈਥੋਂ ਮੇਰੀ ਵੱਡੀ ਭੈਣ ਵੀ ਦਾਖਲ ਹੋਈ ਸੀ। ਉਦੋਂ ਬਹੁਤ ਘੱਟ ਲੜਕੀਆਂ ਨੂੰ ਸਕੂਲ ਭੇਜਿਆ ਜਾਂਦਾ ਸੀ। ਇਹ ਗੱਲ 1946-47 ਦੀ ਹੈ।

ਸਾਡੇ ਘਰ ਤੋਂ ਪ੍ਰਾਇਮਰੀ ਸਕੂਲ ਦਾ ਫ਼ਾਸਲਾ ਕਿੱਲੋ ਕੁ ਮੀਟਰ ਸੀ। ਸਕੂਲ ਨਾਲ ਦੇ ਪਿੰਡ ਰਾਮਗੜ੍ਹ ਲਗਦਾ ਹੁੰਦਾ ਸੀ ਪਰੰਤੂ ਸਕੂਲ ਦਾ ਨਾਂ ਦਾਊਂ ਹੀ ਸੀ। ਮਾਤਾ ਜੀ ਦੇ ਨਾਲ ਮੈਂ ਪਿੰਡ ਦੀ ਫਿਰਨੀ ਲੰਘ ਕੇ, ਬਾਗਾਂ ਵਿੱਚੋਂ ਦੀ ਲੰਘਦੀ ਪਗਡੰਡੀ 'ਤੇ ਤੁਰਦਾ ਜਾ ਰਿਹਾ ਸਾਂ। ਮੇਰੇ ਨਿੱਕੇ ਨਿੱਕੇ ਪੈਰਾਂ ਨੂੰ ਇਹ ਫ਼ਾਸਲਾ ਕਾਫ਼ੀ ਲੰਮਾ ਜਾਪਿਆ ਸੀ। ਰਾਹ 'ਚ ਪੈਂਦੀ ਚੋਈ ਥੀਂ ਲੰਘ ਕੇ, ਮੈਂ ਸਕੂਲ ਉੱਪੜ ਗਿਆ ਸੀ। ਮੇਰਾ ਪਹਿਲਾ ਦਿਨ ਤੇ ਨਵੀਂ ਥਾਂ। ਮੇਰੇ ਬਾਲ ਮਨ ਵਿੱਚ ਸਕੂਲ ਲਈ ਇੱਕ ਡਰ ਜਿਹਾ ਬੈਠਿਆ ਹੋਇਆ ਸੀ, ਕਿਉਂਕਿ ਮੈਂ ਸਕੂਲ ਜਾਣ ਲਈ ਕਈ ਮੁੰਡਿਆਂ ਨੂੰ ਰੋਂਦੇ ਤੇ ਹਿੰਡ ਕਰਦੇ ਵੇਖਿਆ ਹੋਇਆ ਸੀ।

ਮੇਰੇ ਬਚਪਨ ਦਾ ਇਹ ਸਕੂਲ ਹੁਣ ਵਰਗੇ ਸਕੂਲਾਂ ਵਰਗਾ ਨਹੀਂ ਸੀ। ਇਹ ਸਕੂਲ ਦਿਲ-ਖਿੱਚ ਇਮਾਰਤ ਤੇ ਸੁੰਦਰ ਮੁਹਾਂਦਰੇ ਤੋਂ ਵਾਂਝਾ ਸੀ। ਢੱਠੇ ਜਿਹੇ ਖੋਲੇ ਵਿੱਚ ਇਕ ਕਮਰਾ। ਥੋੜ੍ਹਾ ਜਿਹਾ ਸਾਮਾਨ। ਬਾਹਰ ਵੱਡਾ ਬੋਹੜ ਤੇ ਥੱਲੇ ਇੱਕ ਇੱਟਾਂ ਦਾ ਚਬੂਤਰਾ। ਕੁਝ ਕਦਮਾਂ 'ਤੇ ਜਾਮਣ ਦਾ ਦਰੱਖਤ ਤੇ ਨਾਲ ਲਗਦਾ ਵੱਡਾ ਸਾਰਾ ਟੋਭਾ। ਛਿਪਦੀ ਵੱਲੇ ਛੋਟਾ ਜਿਹਾ ਗੁਰਦੁਆਰਾ ਤੇ ਨਾਲ ਪਿੱਠ ਜੋੜੀ ਇੱਕ ਸ਼ਿਵਾਲਾ। ਥੋੜ੍ਹੀ ਦੂਰ ਖਜੂਰਾਂ ਦੇ ਝੁੰਡ, ਸੰਭਾਲੂ ਤੇ ਬਸੂਟੇ ਦੇ ਬੂਟੇ ਆਦਿ।

ਮੇਰੇ ਦਾਖਲ ਹੋਣ ਮੌਕੇ ਮਾਤਾ ਜੀ ਨੇ ਸਕੂਲ ਵਿੱਚ ਪਤਾਸੇ ਵੰਡੇ ਸਨ ਜੋ ਪਿਤਾ ਜੀ ਨੇ ਇੱਕ ਦਿਨ ਪਹਿਲਾਂ ਸ਼ਹਿਰ ਤੋਂ ਲਿਆਂਦੇ ਸਨ। ਪਹਿਲੇ ਦਿਨ ਹੀ ਮੈਨੂੰ ਚਬੂਤਰੇ 'ਤੇ ਬੈਠੇ ਅਧਿਆਪਕ ਸ੍ਰੀ ਕ੍ਰਿਸ਼ਨ ਦਿਆਲ ਨੇ ਆਪਣੇ ਕੋਲ ਬੁਲਾ ਲਿਆ। ਉਸਦਾ ਪਿੰਡ ਤੀੜਾ ਹੋਣ ਕਾਰਨ ਮੁੰਡੇ ਉਸਨੂੰ ਤੀੜੇ ਵਾਲੇ ਮਾਸਟਰ ਜੀ ਕਿਹਾ ਕਰਦੇ ਸਨ। ਮਾਸਟਰ ਜੀ ਚਬੂਤਰੇ 'ਤੇ ਦਰੀ ਵਿਛਾਈ ਬੈਠੇ ਸਨ। ਉਹਨਾਂ ਨੇ ਆਪਣੇ ਚਾਕੂ ਨਾਲ ਖ਼ਰਬੂਜੇ ਦੀਆਂ ਫਾੜੀਆਂ ਚੀਰ ਕੇ ਮੈਨੂੰ ਦਿੱਤੀਆਂ ਜਿਨ੍ਹਾਂ ਦਾ ਸੁਆਦ ਮੈਂ ਕਦੇ ਭੁੱਲ ਨਾ ਸਕਿਆ। ਮੇਰੇ ਮਨ ਵਿੱਚ ਉਹਨਾਂ ਦਾ ਸਤਿਕਾਰ ਚਿਰ ਸਥਾਈ ਛਾਪ ਵਾਂਗ ਰਿਹਾ।

ਮੈਂ ਉਰਦੂ ਦੇ ਕੈਦੇ ਦੇ ਚਾਰ ਕੁ ਪਾਠ ਹੀ ਪੜ੍ਹੇ ਸਨ ਕਿ 1947 ਦੀ ਵੰਡ ਕਾਰਨ ਉਰਦੂ ਦੀ ਪੜ੍ਹਾਈ ਸਕੂਲਾਂ ਵਿੱਚੋਂ ਬੰਦ ਕਰ ਦਿੱਤੀ ਗਈ। ਉਰਦੂ ਦੇ ਪਾਠਾਂ ਦੀਆਂ ਫਿੱਕੀਆਂ ਫਿੱਕੀਆਂ ਯਾਦਾਂ ਮੈਨੂੰ ਵਿਸਰਦੀਆਂ ਚਲੇ ਗਈਆਂ ਤੇ ਉਰਦੂ ਦਾ ਸ਼ੌਕ ਹੁੰਦੇ ਹੋਏ ਵੀ ਮੈਂ ਕਦੇ ਉਰਦੂ ਸਿੱਖ ਨਾ ਸਕਿਆ। ਮੈਨੂੰ ਮੇਰਾ ਉਹ ਉਰਦੂ ਦਾ ਅਧਿਆਪਕ ਕਦੇ ਨਸੀਬ ਹੀ ਨਾ ਹੋਇਆ।

ਉਸ ਵੇਲੇ ਸਾਡੇ ਸਕੂਲ ਵਿੱਚ ਸ੍ਰੀ ਲੱਭੂ ਰਾਮ (ਖਰੜ ਵਾਲੇ), ਸ੍ਰੀ ਲੱਛਮੀ ਚੰਦ (ਕੁੰਭੜੇ ਵਾਲੇ), ਸ੍ਰੀ ਜਗਤ ਸਿੰਘ (ਖਾਨਪੁਰ ਵਾਲੇ) ਤੇ ਸ੍ਰੀ ਪ੍ਰੇਮ ਸਿੰਘ (ਨੱਗਲ ਵਾਲੇ) ਅਧਿਆਪਕ ਪੜ੍ਹਾਉਂਦੇ ਹੁੰਦੇ ਸਨ। ਉਰਦੂ ਦੀ ਥਾਂ ਸਾਨੂੰ ਪੰਜਾਬੀ ਦੀ ਪੜ੍ਹਾਈ ਸ਼ੁਰੂ ਹੋ ਗਈ। ਮਾਸਟਰ ਰਾਮ ਸਿੰਘ ਜੋ ਮੇਰੇ ਪਿੰਡ ਦੇ ਹੀ ਸਨ, ਨੇ ਮੈਨੂੰ ਤੀਜੀ ਸ਼੍ਰੇਣੀ ਤੱਕ ਪੰਜਾਬੀ ਪੜ੍ਹਾਈ। ਪੰਜਾਬੀ ਪੜ੍ਹਾਉਣ ਦਾ ਉਹਨਾਂ ਨੂੰ ਬਹੁਤ ਸ਼ੌਕ ਸੀ। ਸਾਨੂੰ ਸਾਰੀਆਂ ਕਵਿਤਾਵਾਂ ਜ਼ੁਬਾਨੀ ਯਾਦ ਹੁੰਦੀਆਂ। ਕਈ ਕਵਿਤਾਵਾਂ ਦੀਆਂ ਸਤਰਾਂ ਮੈਨੂੰ ਹੁਣ ਵੀ ਯਾਦ ਆ ਜਾਂਦੀਆਂ ਹਨ। ਔਖੇ ਸ਼ਬਦਾਂ ਦੇ ਅਰਥ ਸਾਨੂੰ ਤੋਤੇ ਵਾਂਗ ਰਟਾਏ ਜਾਂਦੇ। ਸੁੰਦਰ ਲਿਖਾਈ ਦੇ ਨੰਬਰ

ਮਿਲਦੇ। ਮੇਰੀ ਲਿਖਾਈ ਸਭ ਤੋਂ ਸੁੰਦਰ ਹੁੰਦੀ। ਸ਼ਾਬਾਸ਼ ਮਿਲਦੀ। ਅਸੀਂ ਫੱਟੀਆਂ ਉੱਤੇ ਗਾਜਣੀ ਮਲਦੇ। ਹਾਸ਼ੀਏ ਕੱਢਦੇ। ਬੈਟਰੀ ਦੇ ਸੈੱਲਾਂ ਦੇ ਟੋਟਿਆਂ ਨਾਲ ਫੱਟੀਆਂ ਉੱਤੇ ਲਾਈਨਾਂ ਮਾਰਦੇ। ਮਿੱਟੀ ਦੀਆਂ ਕੱਚੀਆਂ ਦੁਆਤਾਂ ਵਿੱਚ ਸੂਫ ਪਾਕੇ ਸਿਆਹੀ ਘੋਟਦੇ ਤੇ ਗਾਉਣ ਲਗਦੇ, 'ਕੋਠੇ 'ਤੇ ਪੀੜੀ, ਮੇਰੀ ਸਿਆਹੀ ਚੀੜੀ।' 'ਕੋਠੇ 'ਤੇ ਲੱਕੜ, ਮੇਰੀ ਸਿਆਹੀ ਪੱਕੜ।' ਕਲਮਾਂ ਘੜਦੇ, ਟੱਕ ਲਾਉਂਦੇ ਤੇ ਸੁਆਰਦੇ। ਧਰਤੀ 'ਤੇ ਉਂਗਲ ਜਾਂ ਡੱਕੇ ਨਾਲ ਲਿਖਣਾ ਸ਼ੁਰੂ ਕਰਦੇ। ਸਿਆਹੀ ਦੀਆਂ ਪੁੜੀਆਂ ਸਾਂਭ-ਸਾਂਭ ਰੱਖਦੇ। ਇੱਕ ਦੂਜੇ ਨੂੰ ਸਿਆਹੀ ਸਤਾਉਂਦੇ।

ਮਾਸਟਰ ਰਾਮ ਸਿੰਘ ਸਾਡੀ ਲਿਖਾਈ ਵੇਖਦੇ ਤੇ ਨੰਬਰ ਦਿੰਦੇ। ਸੁੰਦਰ ਲਿਖਾਈ ਲਈ ਮਸ਼ਕ ਦਿੰਦੇ। ਬੋਲ-ਲਿਖਤ (ਇਮਲਾ) ਕਰਾਉਂਦੇ ਤੇ ਸ਼ੁੱਧ ਸ਼ਬਦ ਜੋੜਾਂ ਦਾ ਅਭਿਆਸ ਕਰਾਉਂਦੇ। ਇਕੱਲੇ ਇਕੱਲੇ ਅੱਖਰ ਨਾਲ ਸਾਂਝ ਪੁਆਉਂਦੇ ਤੇ ਕਠਨ ਸ਼ਬਦਾਂ ਦੇ ਅਰਥ ਸਰਲ ਕਰ ਕੇ ਸਮਝਾਉਂਦੇ। ਮੇਰੀ ਪੰਜਾਬੀ ਚੰਗੀ ਹੋਣ ਦਾ ਸਿਹਰਾ ਮਾਸਟਰ ਰਾਮ ਸਿੰਘ ਦੀ ਉਸਤਾਦੀ ਹੀ ਕਿਹਾ ਜਾ ਸਕਦਾ ਹੈ। ਉਹਨਾਂ ਦੀ ਲਸੂੜੀ ਰੰਗੀ ਤੇ ਮੋਤੀਆ ਰੰਗੀ ਪਗੜੀ, ਸਾਫ਼ ਸੁਥਰਾ ਪਜਾਮਾ-ਕਮੀਜ਼ ਤੇ ਪਾਲਿਸ ਕੀਤੀ ਜੁੱਤੀ, ਉਹਨਾਂ ਦੀ ਸ਼ਖ਼ਸੀਅਤ ਦੀ ਇੱਕ ਵਿਸ਼ੇਸ਼ ਦਿੱਖ ਹੁੰਦੀ। ਮੁੰਡੇ ਉਹਨਾਂ ਦੇ ਸਾਈਕਲ ਨੂੰ ਸਾਫ਼ ਕਰਕੇ ਲਿਸ਼ਕਾ ਦਿੰਦੇ। ਸੁਹਜ ਤੇ ਸਫ਼ਾਈ ਦਾ ਉਹਨਾਂ ਨੂੰ ਬੜਾ ਸ਼ੌਕ ਸੀ। ਕਈ ਵੇਰ, ਅਸੀਂ ਉਨ੍ਹਾਂ ਦੀ ਜੁੱਤੀ ਧੋਅ ਕੇ ਧੁੱਪੇ ਰੱਖਦੇ।

ਤੱਪੜਾਂ 'ਤੇ ਬੈਠਕੇ ਅਸੀਂ ਸਲੇਟਾਂ ਉੱਤੇ ਸੁਆਲ ਕੱਢਦੇ। ਲੀਰਾਂ ਦੇ ਪੂੰਝੇ ਕੋਲ ਹੁੰਦੇ। ਸਲੇਟੀ ਦੇ ਟੋਟਿਆਂ ਨਾਲ ਸਲੇਟਾਂ ਉੱਤੇ ਟਕ-ਟਕ ਹੁੰਦੀ। ਸਲੇਟਾਂ ਨੂੰ ਕੋਲੇ ਮਲ ਕੇ ਸਾਫ਼ ਕਰਦੇ। ਹਿਸਾਬ ਵਿੱਚ ਮੈਂ ਢਿੱਲਾ-ਮੱਠਾ ਹੀ ਰਹਿੰਦਾ। ਫੱਟੀਆਂ ਤੇ ਸਲੇਟਾਂ ਨਾਲ ਸਾਡੀ ਬੜੀ ਗੂੜ੍ਹੀ ਸਾਂਝ ਹੁੰਦੀ। ਮੈਨੂੰ ਆਪਣੀ ਪੱਤੀਆਂ ਵਾਲੀ ਫੱਟੀ ਤੇ ਤਿੜਕੀ ਹੋਈ ਸਲੇਟ ਹੁਣ ਵੀ ਯਾਦ ਆ ਜਾਂਦੀ ਹੈ। ਫੱਟੀ ਦੇ ਮੁੱਠਿਆਂ 'ਚ ਰਸੀਆਂ ਪਾ ਲੈਂਦੇ। ਟੋਭੇ 'ਚ ਫੱਟੀਆਂ ਧੋਣਾ ਸਾਨੂੰ ਬੜਾ ਚੰਗਾ ਲਗਦਾ। ਪਾਣੀ 'ਚ ਫੱਟੀਆਂ ਡਬੋਂਦੇ ਤੇ ਆਪਣੇ ਲਿਖੇ ਹੋਏ ਸ਼ਬਦਾਂ ਨੂੰ ਪਾਣੀ 'ਚ ਖੁਰਦੇ ਤੱਕਦੇ। ਹੱਥਾਂ ਨਾਲ ਸਾਫ਼ ਕਰਦੇ। ਚੀੜੀ ਸਿਆਹੀ ਲਹਿਣ ਵਿੱਚ ਨਾ ਆਉਂਦੀ। ਖ਼ੂਬ ਗਾਜਣੀ ਮਲਦੇ। ਪੋਚਾ ਦਿੰਦੇ। ਫੱਟੀਆਂ ਨੂੰ ਧੁੱਪੇ ਸੁਕਾਉਂਦੇ ਤੇ ਗਾਉਣ ਲਗਦੇ; 'ਸੁੱਕ ਮੇਰੀ ਫੱਟੀਏ। ਸੁੱਕ ਸੁੱਕ ਸੁੱਕ।' 'ਸੂਰਜ ਸੂਰਜ ਫੱਟੀ ਸੁਕਾ, ਨਹੀਂ ਸਕਾਉਣੀ ਗੰਗਾ ਜਾ।' ਕੋਠੇ ਤੇ ਬਿੱਲੀ, ਮੇਰੀ ਫੱਟੀ ਗਿੱਲੀ।' 'ਜੇਬ ਵਿੱਚ ਦੁੱਕੀ, ਮੇਰੀ ਫੱਟੀ ਸੁੱਕੀ।' ਕੰਧ ਨਾਲ ਲਾ ਕੇ ਕਤਾਰਾਂ ਵਿੱਚ ਫੱਟੀਆਂ ਸੁੱਕਣੀਆਂ ਰੱਖਦੇ। ਫੱਟੀਆਂ ਦਾ ਜੁੱਟ ਬਣਾ ਕੇ ਧੁੱਪੇ ਰੱਖਦੇ ਤੇ ਪਾਸੇ ਬਦਲਦੇ।

ਸਵੇਰੇ ਅਸੀਂ ਸਕੂਲ ਦੀ ਸਫ਼ਾਈ ਕਰਦੇ। ਸੰਭਾਲੂ ਤੇ ਬਸੂਟੇ ਦੇ ਪੱਤਿਆਂ ਦੇ ਝਾੜੂ ਬਣਾ ਕੇ ਸਕੂਲ ਦਾ ਚੌਗਿਰਦਾ ਸਾਫ਼ ਕਰਦੇ। ਟੋਭੇ 'ਚੋਂ ਬਾਲਟੀਆਂ ਭਰ ਕੇ ਪਾਣੀ ਛਿੜਕਦੇ। ਪ੍ਰਾਰਥਨਾ ਦੀ ਘੰਟੀ ਵੱਜਦੀ। 'ਹਮ ਬਾਲਕੋਂ ਕੀ ਓਰ ਭੀ ਭਗਵਾਨ ਤੇਰਾ ਧਿਆਨ ਹੋ।' ਪ੍ਰਾਰਥਨਾ ਦੇ ਬੋਲ ਚੌਗਿਰਦੇ ਵਿੱਚ ਗੂੰਜਦੇ ਤੇ ਪਤਾ ਲੱਗ ਜਾਂਦਾ ਕਿ ਸਕੂਲ ਲੱਗ ਗਿਆ ਹੈ।

ਅੱਧੀ ਛੁੱਟੀ ਹੁੰਦੀ। ਅਸੀਂ ਆਪਣੀ ਆਪਣੀ ਰੋਟੀ ਖਾਂਦੇ। ਕਿਸੇ ਨੇ ਰੁਮਾਲ 'ਚ ਤੇ ਕਿਸੇ ਨੇ ਪਿੱਤਲ ਦੀ ਡੱਬੀ ਵਿੱਚ ਰੋਟੀ ਪਾਈ ਹੁੰਦੀ। ਚਾਰ-ਚੱਟਣੀ ਵਾਲੀ ਰੋਟੀ ਨੂੰ ਚੱਕ ਮਾਰ ਕੇ ਖਾਂਦੇ। ਮੈਂ ਆਪਣੀ ਡੱਬੀ 'ਚੋਂ ਰੋਟੀ ਖਾਂਦਾ ਤੇ ਖਾਲੀ ਡੱਬੀ 'ਚ ਪਾਣੀ ਭਰ ਕੇ ਪੀਂਦਾ। ਖੂਹ 'ਤੇ ਬੁੱਕਾਂ (ਓਕ) ਨਾਲ ਪਾਣੀ ਪੀਂਦਿਆਂ ਦੇ ਕਪੜੇ ਭਿੱਜ ਜਾਂਦੇ। ਕਪੜਿਆਂ ਦੀ ਕਿਸ ਨੂੰ ਪਰਵਾਹ ਹੁੰਦੀ। ਵਾਰੀ ਲੈਣ ਦੀ ਕਾਹਲ 'ਚ ਲੜ ਪੈਂਦੇ। ਲੋਹੇ ਦੇ ਡੋਲ 'ਚੋਂ ਹੱਥ ਨਾਲ ਤਤੀਰੀ ਬੰਨ੍ਹ ਕੇ ਪਾਣੀ ਪੀਂਦੇ। ਬਚਪਨ ਦੀਆਂ ਯਾਦਾਂ ਜਿੰਨਾ ਹੀ ਮਿੱਠਾ ਸੀ ਉਹ ਪਾਣੀ। ਖਜੂਰਾਂ ਦੇ ਰੁੱਖਾਂ ਵੱਲ ਨੂੰ ਭੱਜਦੇ। ਡਿੱਗੀਆਂ ਖਜੂਰਾਂ ਲਭ-ਲਭ ਖਾਂਦੇ। ਠੀਮਾਂ ਤੇ ਰੋੜਿਆਂ ਨਾਲ ਖਜੂਰਾਂ ਝਾੜਦੇ। ਸਾਡੀਆਂ ਬਾਹਵਾਂ ਥੱਕ ਜਾਂਦੀਆਂ। ਖਜੂਰਾਂ ਹੋਰ ਵੀ ਉੱਚੀਆਂ ਲਗਦੀਆਂ।

ਅੱਧੀ ਛੁੱਟੀ ਤੋਂ ਬਾਅਦ, ਅਸੀਂ ਕਤਾਰਾਂ 'ਚ ਖੜੋ ਕੇ ਸੌ ਤੱਕ ਗਿਣਤੀ ਕਹਾਉਂਦੇ। 'ਏਕੜੇ 'ਤੇ ਦੋ ਬਿੰਦੀਆਂ, ਗਿਣਿਆ ਗਣਾਇਆ ਸੌ ਪੂਰਾ' ਖਤਮ ਹੁੰਦਾ ਤੇ ਪਹਾੜੇ ਸ਼ੁਰੂ ਹੋ ਜਾਂਦੇ। 'ਇੱਕ ਦੂਣੀ ਦੂਣੀ' ਤੋਂ ਲੈ ਕੇ 'ਵੀਹੋ ਵੀਹੀ ਚਾਰ ਸੌ' ਤੱਕ ਪਹਾੜੇ ਪੂਰੇ ਹੁੰਦੇ। ਕਦੇ ਕਦੇ ਮਾਸਟਰ ਜੀ ਟੋਕਵੇਂ ਪਹਾੜੇ ਸੁਣਦੇ। ਮੁਕਾਬਲਾ ਕਰਾਉਂਦੇ। ਛੁੱਟੀ ਦੀ ਟੱਲੀ ਵੱਜਦੀ। ਸਾਨੂੰ ਚਾਅ ਚੜ੍ਹ ਜਾਂਦਾ। ਫੱਟੀ ਬਸਤਾ ਚੁੱਕ ਕੇ ਦੌੜ ਲੈਂਦੇ। ਘਰ ਨੂੰ ਆਉਂਦਿਆਂ ਅਸੀਂ ਬਾਗ਼ ਵਿੱਚਦੀ ਲੰਘਦੇ। ਅੰਬਾਂ ਦੀ ਰੁੱਤ ਵਿੱਚ ਅਸੀਂ ਚੋਰੀ ਚੋਰੀ ਅੰਬ ਚੁਗਦੇ। ਜਾਮਣਾਂ ਝਾੜ ਕੇ ਖਾਂਦੇ। ਖਿਰਨੀ ਦੇ ਰੁੱਖ ਥੱਲਿਓਂ ਖਿਰਨੀਆਂ ਚੁਗਦੇ। ਅਸੀਂ ਅੰਬਾਂ, ਜਾਮਣਾ ਤੇ ਖਿਰਨੀਆਂ ਲਈ ਪੰਛੀਆਂ ਦੇ ਹਾੜੇ ਕੱਢਦੇ ਤੇ ਕਹਿੰਦੇ: 'ਤੋਤੇ ਤੋਤੇ ਇੱਕ ਅੰਬੀ ਡੇਗਦੇ।' ਵੱਡੇ ਮੁੰਡੇ ਰੁੱਖਾਂ 'ਤੇ ਚੜ੍ਹ ਕੇ ਮੌਜਾਂ ਨਾਲ ਖਾਂਦੇ ਤੇ ਛੋਟੇ ਥੱਲੇ ਉਹਨਾਂ ਦੀ ਹਾਜ਼ਰੀ ਭਰਦੇ। ਸਾਡੇ ਪੱਲਿਆਂ ਨੂੰ ਅੰਬਾਂ ਦਾ ਚਾਹਾ ਤੇ ਜਾਮਣਾਂ ਦੇ ਦਾਗ ਲਗ ਜਾਂਦੇ ਤੇ ਘਰਦਿਆਂ ਤੋਂ ਡਰਦੇ ਪੱਲੇ ਲਕੋ ਲਕੋ ਘਰ ਵੜਦੇ। ਗਰਮੀਆਂ 'ਚ ਕਈ ਵੇਰ ਸਾਡੇ ਪੈਰ ਨੰਗੇ ਹੁੰਦੇ। ਸਾਡੇ ਪੈਰ ਸੜ ਜਾਂਦੇ। ਚੋਈ ਦੀ ਤਪਦੀ ਰੇਤ ਦਾ ਸੇਕ ਮੈਨੂੰ ਅਜੇ ਵੀ ਚੇਤੇ ਹੈ। ਅਸੀਂ ਦੌੜਦੇ ਤੇ ਛਾਂਵੇਂ ਛਾਂਵੇਂ ਤੁਰਦੇ। ਜ਼ਿੰਦਗੀ ਵੀ ਧੁੱਪ-ਛਾਂ 'ਚ ਤੁਰਨ ਦੀ ਦੌੜ ਦਾ ਨਾਂ ਹੈ। ਕਈ ਵੇਰ ਬਾਗ ਦਾ ਰਾਖਾ ਸਾਡੇ ਪਿੱਛੇ ਦੌੜ ਪੈਂਦਾ। ਅਸੀਂ ਹਫ਼ਦੇ ਹਫ਼ਾਉਂਦੇ ਘਰ ਉਪੜਦੇ। ਮਾਂ ਕੋਲ ਆ ਕੇ ਰਸਤੇ 'ਚ ਬੀਤੀ ਗੱਲ ਭੁੱਲ ਜਾਂਦੀ। ਕੇਹੋ ਜਿਹਾ ਸੀ ਉਹ ਸਮਾਂ। ਕਿੰਨਾ ਅਜੀਬ ਸੀ ਤੇ ਕਿੰਨਾ ਪਿਆਰਾ ਸੀ ਮੇਰਾ ਬਚਪਨ।

***

# ਸਮੇਂ ਦੀ ਕਦਰ



ਗੱਲ 1952 ਦੀ ਹੈ। ਉਦੋਂ ਮੈਂ ਚੌਥੀ ਸ਼੍ਰੇਣੀ 'ਚ ਪੜ੍ਹਦਾ ਸੀ। ਸਾਡੇ ਪਿੰਡ ਤੋਂ ਸੜਕ ਥੋੜ੍ਹੀ ਹੀ ਦੂਰ ਸੀ। ਉਦੋਂ ਪਿੰਡ ਤੋਂ ਸੜਕ ਤੱਕ ਪਹੀ ਕੱਚੀ ਹੁੰਦੀ ਸੀ। ਖਰੜ ਤੋਂ ਅੰਬਾਲਾ ਨੂੰ ਟਾਂਵੀਂ ਟਾਂਵੀਂ ਬੱਸ ਚੱਲਿਆ ਕਰਦੀ ਸੀ। ਕਿੰਨਾ-ਕਿੰਨਾ ਚਿਰ ਸਵਾਰੀਆਂ ਨੂੰ ਅੱਡੇ ਉੱਤੇ ਉਡੀਕ ਕਰਨੀ ਪੈਂਦੀ। ਰਾਹ 'ਚ ਆਉਂਦੇ ਪਿੰਡਾਂ ਦੀਆਂ ਸਵਾਰੀਆਂ ਉਡੀਕ ਕਰਦੀਆਂ ਰਹਿੰਦੀਆਂ। ਜਦੋਂ ਬੱਸ ਆਉਂਦੀ ਪਿੰਡਾਂ ਦੀਆਂ ਸਵਾਰੀਆਂ ਉਡੀਕ ਕਰਦੀਆਂ ਰਹਿੰਦੀਆਂ। ਜਦੋਂ ਬੱਸ ਆਉਂਦੀ ਤਾਂ ਉਡੀਕ ਮੁੱਕਦੀ। ਮੈਨੂੰ ਆਪਣੇ ਘਰ ਦੀ ਛੱਤ ਉੱਤੇ ਚੜ੍ਹ ਕੇ, ਲੰਘਦੀਆਂ ਬੱਸਾਂ ਨੂੰ ਵੇਖਣ ਦਾ ਚਾਅ ਹੁੰਦਾ। ਬੱਸਾਂ ਦੀ ਗੂੰਜ ਸੁਣ ਕੇ ਮੇਰੀ

ਨਜ਼ਰ ਸੜਕ ਵੱਲ ਨੂੰ ਦੌੜਨਾ ਲੋਚਦੀ। ਮੇਰਾ ਜੀਅ ਕਰਦਾ ਕਿ ਬੱਸ ਦੀ ਝਾਂਟੀ ਲਵਾਂ। ਕੋਠੇ 'ਤੇ ਖੜੋਤਾ ਮੈਂ ਤੱਕਦਾ ਰਹਿੰਦਾ।

ਉਨੀਂ ਦਿਨੀਂ ਮੇਰੇ ਪਿਤਾ ਜੀ ਖਾਲਸਾ ਸਕੂਲ ਖਰੜ ਵਿੱਚ ਅਧਿਆਪਕ ਸਨ। ਇੱਕ ਦਿਨ ਉਨ੍ਹਾਂ ਨੇ ਤੀਜੇ ਪਹਿਰ ਪਿੰਡ ਤੋਂ ਅੰਬਾਲਾ ਸ਼ਹਿਰ ਜਾਣਾ ਸੀ। ਪਰੰਤੂ ਪਿਤਾ ਜੀ ਨੇ ਘਰ ਕਈ ਦਿਨਾਂ ਤੋਂ ਇੱਕ ਮੰਜੀ ਬੁਣਨੀ ਸ਼ੁਰੂ ਕੀਤੀ ਹੋਈ ਸੀ। ਜਦੋਂ ਵੀ ਸਮਾਂ ਮਿਲਦਾ, ਉਹ ਮੈਨੂੰ ਨਾਲ ਲਾ ਲੈਂਦੇ। ਮੈਂ ਬਾਣ ਦਾ ਪਿੰਨਾ ਇੱਧਰ ਉੱਧਰ ਫੜਾਉਂਦਾ ਰਹਿੰਦਾ। ਕਦੇ ਮੰਜੀ ਦਾ ਪਾਵਾ ਚੁੱਕ ਕੇ ਰੱਸੀ ਲੰਘਾਉਣ ਵਿੱਚ ਉਨ੍ਹਾਂ ਦੀ ਮਦਦ ਕਰਦਾ। ਪਿਤਾ ਜੀ ਹੱਥੀਂ ਕੰਮ ਕਰਨ ਵਿੱਚ ਖੁਸ਼ੀ ਪ੍ਰਾਪਤ ਕਰਦੇ ਹੁੰਦੇ ਸਨ। ਮੇਰਾ ਜੀਅ ਖੇਡਣ ਨੂੰ ਕਰਦਾ ਪਰੰਤੂ ਪਿਤਾ ਜੀ ਦੇ ਹੁਕਮ ਦੀ ਪਾਲਣਾ ਕਰਨੀ ਵੀ ਜ਼ਰੂਰੀ ਹੁੰਦੀ। ਰੱਸੀਆਂ ਤੋਂ ਸੰਘੇ ਬਣਦੇ ਰਹਿੰਦੇ। ਚੌਕੜਾ ਬਣਨ 'ਤੇ ਨਵਾਂ ਸੰਘਾ ਸ਼ੁਰੂ ਹੋ ਜਾਂਦਾ। ਮੈਂ ਰੱਸੀਆਂ ਦੀ ਗਿਣਤੀ ਕਰਦਾ ਰਹਿੰਦਾ। ਮੰਜੀ ਪੂਰੀ ਬੁਣਨੇ ਨੂੰ ਅਜੇ ਰਹਿੰਦੀ ਸੀ। ਦੋ ਤਿੰਨ ਸੰਘੇ ਹੋਰ ਪੈਣੇ ਸਨ।

ਪਿਤਾ ਜੀ ਕਹਿਣ ਲੱਗੇ ਕਿ ਮੰਜੀ ਚੁੱਕ ਕੇ ਸੜਕ 'ਤੇ ਲੈ ਚੱਲ। ਜਿੰਨਾ ਚਿਰ ਬੱਸ ਨਹੀਂ ਆਵੇਗੀ ਉਤਨਾ ਚਿਰ ਵਿਹਲੇ ਰਹਿਣ ਨਾਲੋਂ ਮੰਜੀ 'ਚ ਰੱਸੀਆਂ ਹੀ ਪਾ ਲਵਾਂਗੇ। ਮੈਂ ਝਿਜਕ ਰਿਹਾ ਸੀ। ਸ਼ਰਮ ਆਉਂਦੀ ਸੀ ਕਿ ਲੋਕ ਕੀ ਕਹਿਣਗੇ। ਹੁਕਮ ਮੈਂ ਮੋੜ ਨਹੀਂ ਸਾਂ ਸਕਦਾ। ਆਖਿਰ, ਮੈਂ ਮੰਜੀ ਸਿਰ 'ਤੇ ਚੁੱਕ ਤੇ ਪਿੰਨਾ ਹੱਥ 'ਚ ਫੜ, ਪਿਤਾ ਜੀ ਨਾਲ ਹੋ ਤੁਰਿਆ। ਪਿਤਾ ਜੀ ਅੱਗੇ ਅੱਗੇ ਤੇ ਮੇਰੇ ਨਿੱਕੇ-ਨਿੱਕੇ ਕਦਮ ਪਿੱਛੇ-ਪਿੱਛੇ। ਮੈਂ ਲੋਕਾਂ ਦੀਆਂ ਨਜ਼ਰਾਂ ਤੋਂ ਸ਼ਰਮਾ ਰਿਹਾ ਸੀ। ਮਤੇ ਕੋਈ ਪੁੱਛ ਨਾ ਲਵੇ ਕਿ ਮੰਜੀ ਨੂੰ ਕੀ ਕਰਨ ਚੱਲੇ ਹੋ। ਸੜਕ ਆ ਗਈ। ਮੈਂ ਮੰਜੀ ਸਿਰੋਂ ਉਤਾਰੀ। ਪਿਤਾ ਜੀ ਨੇ ਮੰਜੀ 'ਚ ਰੱਸੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ। ਮੈਂ ਪਾਵਾ ਚੁੱਕਦਾ, ਰੱਸੀ ਖਿੱਚਦਾ। ਬੁਣਦੇ ਬੁਣਦੇ ਰਹਿੰਦੇ ਸੰਘੇ ਪੂਰੇ ਹੋ ਗਏ। ਏਨੇ ਨੂੰ ਬੱਸ ਵੀ ਆ ਗਈ। ਬੱਸ ਰੁਕੀ। ਕੰਡਕਟਰ ਪੁੱਛਣ ਲੱਗਾ ਕਿ ਮੰਜੀ ਵੀ ਉਪਰ ਚੜ੍ਹਾਉਣੀ ਹੈ। "ਨਹੀਂ, ਨਹੀਂ," ਪਿਤਾ ਜੀ ਨੇ ਉੱਤਰ ਦਿੱਤਾ। ਮੰਜੀ ਮੈਨੂੰ ਸੰਭਾਲ ਤੇ ਖੁਸ਼ੀ ਭਰੀ ਤੱਕਣੀ ਦੇ ਕੇ ਪਿਤਾ ਜੀ ਬੱਸ ਵਿੱਚ ਚੜ੍ਹ ਗਏ। ਬੁਣੀ ਹੋਈ ਮੰਜੀ ਚੁੱਕ, ਮੈਂ ਘਰ ਨੂੰ ਤੁਰ ਪਿਆ। ਮੈਨੂੰ ਹੁਣ ਖੁਸ਼ੀ ਸੀ ਕਿ ਮੇਰੀ ਮੰਜੀ ਬੁਣ ਹੋ ਗਈ ਹੈ ਤੇ ਰਾਤੀ ਇਸ 'ਤੇ ਨੀਂਦ ਮਾਣਾਂਗਾ।

ਵਿਹਲੇ ਸਮੇਂ ਨੂੰ ਲੇਖੇ ਲਾਉਣ ਦੀ ਇਹ ਘਟਨਾ, ਮੈਂ ਕਦੇ ਵੀ ਭੁੱਲ ਨਾ ਸਕਿਆ। ਸਮੇਂ ਦੀ ਕਦਰ ਹੀ ਜ਼ਿੰਦਗੀ ਦੀ ਸਫ਼ਲਤਾ ਹੈ।

***

# ਮੇਰੇ ਬਚਪਨ ਦੀਆਂ ਬਾਲ-ਖੇਡਾਂ



1946 ਨੂੰ ਮੇਰੇ ਬਚਪਨ ਦੀ ਸੋਝੀ ਦਾ ਵਰ੍ਹਾ ਮੰਨਿਆ ਜਾ ਸਕਦਾ ਹੈ। ਉਦੋ ਮੈਂ ਪੰਜ ਸਾਲਾਂ ਦਾ ਹੋ ਗਿਆ ਸੀ। ਮੈਨੂੰ ਕੁਝ ਕੁਝ ਉਹ ਵੀ ਯਾਦ ਹੈ ਜਦੋਂ ਮੈਥੋਂ ਦੋ ਸਾਲ ਵੱਡੀ ਮੇਰੀ ਭੈਣ, ਮੈਨੂੰ ਕੁੱਛੜ ਚੁੱਕ ਕੇ ਦੇਹਲੀ ਟੱਪਣ ਸਮੇਂ ਡਿਗ ਪੈਂਦੀ ਸੀ। ਅਸੀਂ ਦੋਵੇਂ ਰੋਣ ਲਗਦੇ। ਭੈਣ ਕਹਿੰਦੀ, "ਵੀਰ, ਚੁੱਪ ਕਰ, ਕੀੜੀ ਦਾ ਆਟਾ ਡੁਲ੍ਹ ਗਿਆ।"

ਮੈਨੂੰ ਆਪਣੀ ਮਾਂ ਦੇ ਦੁੱਧ ਚੁੰਘਣ ਦੀ ਝਲਕ ਵੀ ਯਾਦ ਹੈ ਕਿਉਂਕਿ ਮੈਂ ਕਾਫ਼ੀ ਉਮਰ ਤੱਕ ਦੁੱਧ ਚੁੰਘਦਾ ਰਿਹਾ ਸਾਂ। ਇਹ ਮਾਂ ਦੀ ਗੋਦ ਦੀ ਮਮਤਾ ਸੀ ਜਾਂ ਮੇਰੀ ਹਿੰਡ। ਮਾਤਾ ਜੀ ਅਕਸਰ ਦੱਸ ਦੇ ਹੁੰਦੇ ਸੀ ਕਈ ਵੇਰ ਉਹ ਦੁਧੀਆਂ ਨੂੰ ਕਾਲੀਆਂ ਮਿਰਚਾਂ ਲਾ ਲੈਂਦੀ ਤਾਂ ਜੋ ਦੁੱਧ ਚੁੰਘਣ ਤੋਂ ਹਟ ਜਾਵਾਂ। ਵੱਡਾ ਹੋਇਆ ਮੈਂ ਇਹ ਗੱਲ ਸੁਣ ਕੇ ਸ਼ਰਮਿੰਦਾ ਜਿਹਾ ਹੋਇਆ ਹੱਸ ਛੱਡਦਾ।

1947 ਮੇਰੇ ਬਚਪਨ ਦੀਆਂ ਯਾਦਾਂ ਦਾ ਇੱਕ ਅਹਿਮ ਸਾਲ ਹੈ। 1947 ਦੀ ਵੰਡ ਤੋਂ ਪਹਿਲਾਂ ਮੇਰੇ ਹਾਣੀ-ਆੜੀ ਕਈ ਮੁਸਲਮਾਨਾਂ ਮੁੰਡੇ ਹੁੰਦੇ ਸਨ। ਸਾਡੇ ਗੁਆਂਢ 'ਚ ਮੁਸਲਮਾਨਾਂ ਦੇ ਕਈ ਘਰ ਸਨ। ਫੈਜੇ ਰਾਈਂ ਦਾ 'ਘੁੱਦਾ' ਮੇਰਾ ਪੱਕਾ ਆੜੀ ਸੀ। ਅਸੀਂ ਇੱਕ ਦੂਜੇ ਦੇ ਘਰ ਖੇਡਦੇ ਰਹਿੰਦੇ। ਮਿੱਟੀ ਦੀਆਂ ਢੇਰੀਆਂ ਦੇ ਘਰ ਬਣਾ ਬਣਾ ਖੇਡਦੇ। ਬਾਹਰ ਪਹੀ ਦੇ ਗਿੱਲੇ ਰੇਤ ਵਿੱਚ ਪੈਰ ਰੱਖ ਕੇ, ਉਪਰ ਰੇਤ ਪਾ ਪਾ ਥਾਪੜਦੇ। ਮੂੰਹੋਂ ਬੋਲਦੇ :'ਰਾਜੇ ਦੀ ਘੋੜੀ ਸੂਣ ਲੱਗੀ ਏ। ਅੱਖਾਂ ਮੀਚ ਲੋ।' ਅਸੀਂ ਅੱਖਾਂ ਮੀਚ ਲੈਂਦੇ। ਰੇਤ ਚੋਂ ਪੈਰ ਬਾਹਰ ਕੱਢਦੇ। ਰੇਤ ਦਾ ਘੁਲਾ (ਘਰ) ਬਣ ਜਾਂਦਾ। ਖੂਬ ਹਸਦੇ। ਠੰਢਾ ਠੰਢਾ ਰੇਤ ਸਾਨੂੰ ਚੰਗਾ ਚੰਗਾ ਲਗਦਾ। ਸੱਚ ਹੈ ਕਿ ਸਮਾਂ ਤੇ ਬਚਪਨ ਰੇਤ ਦੇ ਕਿਣਕਿਆਂ ਵਾਂਗ ਕਿਰ ਕੇ ਲੰਘ ਜਾਂਦਾ ਹੈ। ਪਿੱਛੇ ਕੁਝ ਯਾਦਾਂ ਦੀਆਂ ਪੈੜਾਂ ਰਹਿ ਜਾਂਦੀਆਂ ਹਨ।

ਅਸੀਂ ਬੀਹੀ ਦੇ ਮੁੰਡੇ ਇਕੱਠੇ ਹੋ, ਧਰਤੀ ਉੱਤੇ ਘੁੱਗੂ-ਕਾਂਗੜੇ ਪਾ ਪਾ ਲੀਕਾਂ ਮਾਰਦੇ। ਛੁਹਣ-ਛਣੀਕਾ ਖੇਡਦੇ ਤੇ ਪੀਤੀ (ਦਾਈ) ਮਿੱਥਣ ਲਈ ਇਹ ਟੋਟਕਾ ਸ਼ੁਰੂ ਕਰਦੇ:

ਅਟਕਣ ਮਟਕਣ, ਦਹੀਂ ਚਟਾਕੇ।
ਸ਼ੋਗਮ ਸ਼ੋਰੇ, ਫਟਕੇ ਡੋਰੇ।
ਅੰਬ ਚੰਬ, ਸੀਸ ਫੁੱਲ
ਰਾਜਾ ਰਾਮ ਚੰਦ।

ਜਿਹੜਾ ਚੰਦ ਬਣਦਾ, ਉਸਦੇ ਸਿਰ ਦਾਈ ਆਉਂਦੀ। ਉਹ ਛੁਹਣ ਲਗਦਾ ਤੇ ਅਸੀਂ ਇੱਧਰ ਉੱਧਰ ਟਪੂਸੀਆਂ ਮਾਰਦੇ। ਮੁਸਲਮਾਨ ਗੁਆਂਢੀਆਂ ਦੀ ਕਲਸੂਮ ਤੇ ਸ਼ਰੀਫਨ ਵੀ ਸਾਡੀ ਨਾਲ ਖੇਡਦੀਆਂ।

1947 ਦਾ ਕਹਿਰ ਵਾਪਰਿਆ ਤੇ ਪੰਜਾਬ ਦੀ ਵੰਡ ਹੋ ਗਈ। ਸਾਡੇ ਪਿੰਡ ਦੇ ਮੁਸਲਮਾਨ ਵੀ ਚਲੇ ਗਏ। ਮੇਰਾ ਆੜੀ ਘੁੱਦਾ ਤੇ ਕਈ ਹੋਰ ਹਾਣੀ ਵੀ ਪਿੰਡੋਂ ਚਲੇ ਗਏ। ਸਾਡੀਆਂ ਖੇਡਾਂ ਕਈ ਮਹੀਨੇ ਬੰਦ ਰਹੀਆਂ। ਬਚਪਨ ਦੀਆਂ ਯਾਦਾਂ ਨੂੰ ਪਾੜ ਲੱਗ ਗਿਆ। ਆਂਢ-ਗੁਆਂਢ ਭਾਂ-ਭਾਂ ਕਰਨ ਲੱਗੇ। ਪਿੰਡ ਵਿੱਚੋਂ ਬਹੁਤ ਕੁਝ ਉਜੜ ਗਿਆ, ਬਚਪਨ ਲੰਗਾਰਿਆ ਗਿਆ।

1947 ਦਾ ਸੰਕਟ ਮੁੱਕਿਆ। ਜੀਵਨ 'ਚ ਮੁੜ ਗਤੀ ਆਈ। ਵਿਹੜਿਆਂ 'ਚ ਰੌਣਕਾਂ ਪਰਤ ਆਈਆਂ। ਗਲੀਆਂ 'ਚ ਮੁੜ ਖੇਡਾਂ ਸ਼ੁਰੂ ਹੋਈਆਂ। ਸੰਤਾਲੀ ਦੀ ਵੰਡ ਸਮੇਂ 'ਫਤੀਆ ਖਾਂ' ਨਾਂ ਦੇ ਮੁਸਲਮਾਨ ਦਾ ਸਾਡੇ ਪਿੰਡਾਂ ਵਿੱਚ ਬੜਾ ਭੈਅ ਬੈਠਾ ਹੋਇਆ ਸੀ। 'ਫਤੀਆ ਆ ਗਿਆ' ਕਹਿਕੇ ਰੌਲਾ ਪਾਉਂਦੇ ਤੇ ਬਾਕੀ ਦੇ ਸਾਰੇ ਬੱਚੇ ਗਲੀ 'ਚ ਇੱਧਰ ਉੱਧਰ ਲੁਕ ਜਾਂਦੇ। ਕੋਈ 'ਫਤੀਆ' ਬਣਦਾ ਤੇ ਕਾਨਿਆਂ ਦੇ ਹਥਿਆਰ ਬਣਾ ਕੇ ਲੜਾਈ ਕਰਦੇ। ਸੰਤਾਲੀ ਦੀ ਵੱਢ-ਟੁੱਕ ਦਾ ਸੁਣਿਆ ਹੋਇਆ ਡਰ ਸਾਡੇ ਬਾਲ-ਮਨਾਂ ਉੱਤੋਂ ਕਿੰਨੇ ਹੀ ਸਾਲ ਲੱਥ ਨਾ ਸਕਿਆ। ਇਹ ਕਹਿਣਾ ਠੀਕ ਹੈ ਕਿ ਬੱਚਾ ਅਛੋਪਲੇ ਹੀ ਆਪਣੇ ਆਲੇ-ਦੁਆਲੇ ਤੋਂ ਪ੍ਰਭਾਵ ਕਬੂਲ ਕਰਦਾ ਹੈ।

ਸਾਡੇ ਵੇਲਿਆਂ 'ਚ ਬੱਚਿਆਂ ਨੂੰ ਬਹੁਤ ਘੱਟ ਖਿਡੌਣੇ ਮਿਲਦੇ ਹੁੰਦੇ ਸਨ, ਖਾਸ ਕਰਕੇ ਪਿੰਡਾਂ ਵਿੱਚ।

ਪਿੰਡ ਸ਼ਹਿਰਾਂ ਤੋਂ ਟੁੱਟੇ ਹੋਏ ਸਨ। ਕਦੇ ਕਦਾਈ ਕੋਈ ਸ਼ਹਿਰ ਜਾਂਦਾ ਤੇ ਇੱਕ ਅੱਧ ਖਿਡੌਣਾ ਕਿਸੇ ਖਾਂਦੇ-ਪੀਂਦੇ ਪਰਿਵਾਰ ਦੇ ਬੱਚੇ ਨੂੰ ਨਸੀਬ ਹੁੰਦਾ ਤੇ ਉਸ ਦੇ ਨਾਲ ਹੀ ਬਾਕੀ ਦੇ ਹੋਰ ਬੱਚੇ ਖੇਡਦੇ ਰਹਿੰਦੇ। ਖੇਡ ਲਈ ਸਾਂਝ ਤੇ ਅਪਣੱਤ ਦਾ ਹੋਣਾ ਜ਼ਰੂਰੀ ਹੈ।

ਮੈਨੂੰ ਯਾਦ ਹੈ ਕਿ ਅਸੀਂ ਪਿੱਪਲ ਦੇ ਝੜੇ ਹੋਏ ਪੱਤਿਆਂ ਨੂੰ ਇੱਕਠਾ ਕਰਦੇ। ਪੱਤਿਆਂ ਦੀਆਂ ਡੰਡੀਆਂ ਨੂੰ ਵਿਚੋਂ ਪਾੜ ਕੇ, ਤੇ ਦੂਜੇ ਪੱਤੇ ਦੀ ਡੰਡੀ ਵਿੱਚੋਂ ਲੰਘਾ ਕੇ ਪੱਤਿਆਂ ਨੂੰ ਜੋੜ ਜੋੜ ਰੇਲ ਬਣਾਉਂਦੇ। ਜਿਸ ਦੀ ਰੇਲ-ਗੱਡੀ ਵੱਡੀ ਹੁੰਦੀ, ਉਹ ਸਭ ਤੋਂ ਮੂਹਰੇ ਹੁੰਦਾ। ਅਸੀਂ ਕੂ-ਕੂ ਕਰਦੇ ਗਲੀਆਂ 'ਚ ਚੱਕਰ ਕੱਟਦੇ। ਕਦੇ ਕਿਸੇ ਦੀ ਰੇਲ ਟੁੱਟ ਜਾਂਦੀ। ਮੁੜ ਗੰਢ-ਤੁੱਪ ਕਰਦੇ। ਬਿਨਾਂ ਪੈਸਿਆਂ ਸਾਡੀ ਖੇਡ ਚੱਲਦੀ ਰਹਿੰਦੀ।

ਬਰਸਾਤ ਦੀ ਰੁੱਤ ਵਿੱਚ, ਅਸੀਂ ਸਤਰੰਗੀ ਪੀਂਘ ਵੇਖ ਕੇ ਬਹੁਤ ਖੁਸ਼ ਹੁੰਦੇ। ਅਸੀਂ ਗਾ ਉੱਠਦੇ :"ਬੁੱਢੀ ਮਾਈ ਦੀ ਪੀਂਘ, ਪਹਿਲਾ ਝੂਟਾ ਮੇਰਾ।" ਕਈ ਵੇਰ ਮੈਂ ਆਪਣੇ ਆੜੀ ਮਾੜਾ, ਮੇਲੂ, ਨੈਬ, ਜਮੇਰ ਤੇ ਬੀਰੇ ਨਾਲ ਪਹੀ 'ਚ ਖੇਤ ਬਣਾ ਬਣਾ ਖੇਡਦਾ। ਅਸੀਂ ਲੱਕੜ ਦੇ ਦਸਾਂਗੜਾਂ ਦੇ ਹਲ ਬਣਾਉਂਦੇ ਤੇ ਹਲਿਆਈ ਬਗਲ ਕੇ ਸਿਆੜ ਕੱਢਦੇ। ਲੱਕੜ ਦੀ ਫੱਟੀ ਨਾਲ ਸੁਹਾਗੀ ਮਾਰਦੇ। ਫ਼ਸਲਾਂ ਬੀਜਣ ਦੀ ਝੂਠੀ-ਮੂਠੀ ਬਿਜਾਈ ਕਰਦੇ। ਇਸ ਸ਼ੌਕ ਲਈ ਮਿੱਟੀ ਤੇ ਗਾਰੇ ਦੇ ਬਲਦ ਬਣਾਉਂਦੇ। ਸੂਲਾਂ ਦੇ ਸਿੰਗ ਲਾਉਂਦੇ ਤੇ ਬਲਦਾਂ ਦੇ ਨਾਂ ਰੱਖਦੇ। ਕਈ ਵੇਰ ਬੋਹੜ ਦੇ ਪੱਤਿਆਂ ਦੇ ਬਲਦ ਤੇ ਗੱਡੇ ਬਣਾਉਂਦੇ। ਗੱਡਿਆਂ 'ਚ ਮਿੱਟੀ ਢੋਂਦੇ। ਪਰਾਹਾਂ, ਪਰਾਹਾਂ, ਸ਼ਾਬਾ, ਓਏ ਨੀਲਿਆ, ਓਏ ਗੋਰਿਆ ਕਰਦੇ ਰਹਿੰਦੇ। ਮਿੱਟੀ ਨਾਲ ਖੇਡਣਾ ਸਾਨੂੰ ਬੜਾ ਪਿਆਰਾ ਲਗਦਾ।

ਜਦੋਂ ਬਰਸਾਤ ਹੁੰਦੀ ਤਾਂ ਅਸੀਂ ਪਹੀ ਦੀਆਂ ਵਾੜਾਂ 'ਚੋਂ ਕੰਦੂਰੀਆਂ ਦੀਆਂ ਵੇਲਾਂ ਲੱਭਦੇ। ਹਰੀਆਂ ਤੇ ਧਾਰੀਦਾਰ ਕੰਦੂਰੀਆਂ ਤੋੜ ਕੇ ਕੰਦੂਰੀਆਂ ਦੀਆਂ ਮੱਝਾਂ ਤੇ ਕਟਰੂ ਬਣਾਉਂਦੇ। ਕਿੱਕਰ ਦੀਆਂ ਸੂਲਾਂ ਲਾ ਕੇ ਸਿੰਗ ਤੇ ਲੱਤਾਂ ਲਾਉਂਦੇ। ਇਹੋ ਸਾਡੇ ਖਿਡੌਣੇ ਹੁੰਦੇ। ਖੇਤਾਂ 'ਚੋਂ ਵੀਰ-ਵਹੁਟੀਆਂ ਲੱਭਦੇ। ਲਾਲ-ਸੁਰਖ਼ ਤੇ ਸ਼ਨੀਲ ਵਰਗੀਆਂ ਕੂਲੀਆਂ ਵੀਰ-ਵਹੁਟੀਆਂ ਬਹੁਤ ਹੀ ਸੁੰਦਰ ਲਗਦੀਆਂ। ਉਹਨਾਂ ਨੂੰ ਆਪਣੇ ਹੱਥਾਂ ਉੱਤੇ ਤੋਰਦੇ। ਆਲੇ-ਦੁਆਲੇ 'ਚੋਂ ਟੁੱਟੀਆਂ ਹੋਈਆਂ ਵੰਗਾਂ (ਚੂੜੀਆਂ) ਦੇ ਟੁਕੜੇ ਲੱਭਦੇ। ਧਰਤੀ ਉੱਤੇ ਗੋਲ ਚੱਕਰ ਵਾਹ ਕੇ ਕੁੰਡਲ 'ਚੋਂ ਵੰਗਾਂ ਦੇ ਟੋਟਿਆਂ ਨੂੰ ਵੱਡੇ ਟੋਟੇ ਨਾਲ ਨੱਪ ਕੇ ਬਾਹਰ ਕੱਢਣ ਦੀ ਖੇਡ ਖੇਡਦੇ। ਸਾਡੀਆਂ ਜੇਬਾਂ ਤੇ ਖੀਸਿਆਂ ਵਿੱਚ ਨਿੱਕ-ਸੁੱਕ ਇਕੱਠਾ ਕੀਤਾ ਹੁੰਦਾ। ਬਚਪਨ ਵਿਚ ਚੀਜ਼ਾਂ ਨੂੰ ਸੰਗ੍ਰਹਿ ਕਰਨ ਦੀ ਰੁਚੀ ਬੜੀ ਪ੍ਰਬਲ ਹੁੰਦੀ ਹੈ। ਸ਼ਾਇਦ ਇਸੇ ਰੁਚੀ ਨੇ ਮੇਰੇ ਅੰਦਰ ਐਲਬੰਮਾਂ ਤਿਆਰ ਕਰਨ ਦਾ ਸ਼ੌਕ ਜਗਾਇਆ।

ਬਚਪਨ ਦਾ ਸਾਰਾ ਕੁਝ ਚੇਤੇ ਕਰਨਾ ਭਾਵੇਂ ਮੁਸ਼ਕਲ ਹੈ ਪਰੰਤੂ ਕੁਝ ਅਨੰਦ ਮਾਣੀਆਂ ਗੱਲਾਂ ਵਾਰ ਵਾਰ ਚੇਤੇ ਆਉਂਦੀਆਂ ਹੀ ਰਹਿੰਦੀਆਂ ਹਨ। ਪਿੰਡ ਦੇ ਛੱਪੜ ਕੰਢੇ ਖੜੋਣਾ ਤੇ ਨਹਾਉਂਦੇ ਸਾਥੀਆਂ ਨੂੰ ਵੇਖਣਾ, ਮੈਨੂੰ ਚੰਗਾ ਚੰਗਾ ਲੱਗਦਾ। ਮੈਂ ਵੀ ਟੋਭੇ 'ਚ ਨਹਾਉਣ ਲੱਗਦਾ। ਮੈਨੂੰ ਤੈਰਨਾ ਨਾ ਆਉਂਦਾ। ਮੈਂ ਥਪਕ ਥਪਕ ਕਰਕੇ ਕੰਢੇ ਨੇੜੇ ਜੀਅ ਪਰਚਾਉਂਦਾ ਰਹਿੰਦਾ। ਕੰਢੇ 'ਤੇ ਖੜੋ ਕੇ ਅਸੀਂ ਠੀਕਰੀਆਂ ਨੂੰ

ਪਾਣੀ ਦੀਆਂ ਲਹਿਰਾਂ ਉੱਤੇ ਜ਼ੋਰ ਦੀ ਵਗਾਉਂਦੇ। ਛੱੜਪਿਆਂ ਦੀ ਗਿਣਤੀ ਕਰਨੀ ਸ਼ੁਰੂ ਕਰਦੇ। ਠੀਕਰੀਆਂ ਲਹਿਰਾਂ ਉੱਤੇ ਫੁਦਕਦੀਆਂ ਹੋਈਆਂ ਦੂਰ ਪਾਣੀ ਵਿੱਚ ਡੁੱਬ ਜਾਂਦੀਆਂ। ਕਦੇ ਛੱਪੜ ਦੀ ਪਾਲ 'ਤੇ ਖਲੋ ਕੇ ਇੱਕ ਦੂਜੇ ਤੋਂ ਵੱਧ ਦੂਰੀ ਉੱਤੇ ਡਲੇ, ਢੀਮਾਂ ਜਾਂ ਪੱਥਰ ਸੁੱਟਦੇ। ਰੌਲਾ ਪਾਉਂਦੇ ਤੇ ਹੋ-ਹੋ ਕਰਦੇ। ਛੱਪੜ ਵਿੱਚ ਮੱਝਾਂ ਉੱਤੇ ਤਾਰੀਆਂ ਲੈਂਦੇ। ਉਹਨਾਂ ਨੂੰ ਨਹਾਉਂਦੇ। ਕਈ ਵੇਰ ਭੇੜੂ ਮੱਝਾਂ ਟੋਭੇ 'ਚ ਭਿੜ ਪੈਂਦੀਆਂ। ਜੇਤੂ ਮੱਝ ਵਾਲਾ ਖੁਸ਼ੀ ਨਾਲ ਕਿਲਕਾਰੀਆਂ ਮਾਰਦਾ। ਟੋਭੇ ਦਾ ਪਾਣੀ ਮਧੋਲਿਆ ਜਾਂਦਾ ਪਰ ਸਾਡੇ ਦਿਲ ਉਵੇਂ ਸਾਫ਼ ਤੇ ਨਿੱਤਰੇ ਰਹਿੰਦੇ। ਟੋਭਾ ਸਾਡੇ ਲਈ ਮੌਜਾਂ ਮਾਨਣ ਦਾ ਇੱਕ ਸਾਧਨ ਹੁੰਦਾ।

ਦੀਵਾਲੀ ਨੇੜੇ ਆਉਂਦੀ। ਸਾਨੂੰ ਚਾਅ ਚੜ੍ਹ ਜਾਂਦਾ। ਹੁਣ ਵਾਂਗ ਪਿੰਡਾਂ 'ਚ ਉਦੋਂ ਏਨੀ ਆਤਿਸ਼ਬਾਜੀ ਨਹੀਂ ਸੀ ਲਿਆਈ ਜਾਂਦੀ। ਦੀਵਾਲੀ ਤੋਂ ਪਹਿਲਾਂ ਅਸੀਂ ਮਿੱਟੀ ਦੀਆਂ ਗੁੰਮਚੀਆਂ (ਗੱਲਿਆਂ ਵਰਗੀਆਂ) ਬਣਾਉਂਦੇ ਜਦੋਂ ਉਹ ਸੁੱਕ ਜਾਂਦੀਆਂ ਤਾਂ ਦੀਵਾਲੀ ਦੇ ਨੇੜੇ ਰਾਤ ਸਮੇਂ ਖੁਲ੍ਹੇ ਪਏ ਖੇਤਾਂ ਵਿੱਚ ਜਾਂਦੇ। ਘਾਹ, ਫੂਸ ਤੇ ਜੂੰਡੇ ਆਦਿ ਇਕੱਠੇ ਕਰ ਕੇ ਅੱਗ ਬਾਲਦੇ। ਗੁੰਮਚੀ 'ਚ ਆਲੇ-ਦੁਆਲੇ ਛੇਕ ਹੁੰਦੇ ਤੇ ਉੱਤੇ ਡੂੰਡਲੀ ਵਿੱਚ ਰੱਸੀ ਪਾਉਣ ਲਈ ਛੇਕ ਹੁੰਦਾ। ਡੂੰਡਲੀ ਦੇ ਛੇਕ ਵਿੱਚ ਸਣ ਜਾਂ ਸਣੀ ਦੀ ਲੰਮੀ ਰੱਸੀ ਪਾਉਂਦੇ। ਅੱਗ ਦੇ ਅੰਗਿਆਰਾਂ ਨਾਲ ਗੁੰਮਚੀ ਨੂੰ ਭਰਦੇ ਤੇ ਫਿਰ ਗੋਪੀਏ ਵਾਂਗ ਉਸ ਨੂੰ ਘੁੰਮਾਉਂਦੇ ਤੇ ਰੱਸੀ ਨੂੰ ਹੱਥੋਂ ਛੱਡ ਦੇਂਦੇ। ਆਕਾਸ਼ ਵਿੱਚ ਚੰਗਿਆੜੀਆਂ ਛੱਡਦੀ ਗੁੰਮਚੀ ਦੂਰ ਖੇਤ ਵਿੱਚ ਜਾ ਡਿਗਦੀ। ਸਾਰਿਆਂ ਦੀਆਂ ਨਜ਼ਰਾਂ ਉਸਦੇ ਨਾਲ ਨਾਲ ਦੌੜਦੀਆਂ। ਗੁੰਮਚੀ ਨੂੰ ਮੁੜ ਚੁੱਕ ਲਿਆ ਜਾਂਦਾ। ਅਸੀਂ ਵਾਰੀ ਵਾਰੀ ਆਪਣੀਆਂ ਗੁੰਮਚੀਆਂ ਚਾਲਉਂਦੇ। ਦੇਰ ਰਾਤ ਤੱਕ, ਜੱਟਾਂ, ਤਰਖਾਣਾਂ, ਕਹਾਰਾਂ ਤੇ ਮਜ਼ਹਬੀਆਂ ਦੇ ਮੁੰਡੇ ਇਸ ਖੇਡ ਦਾ ਅਨੰਦ ਮਾਣਦੇ। ਕੋਈ ਡਰ ਨਾ ਲਗਦਾ। ਮੰਨਣਾ ਪਵੇਗਾ ਕਿ ਬਚਪਨ ਨਿਰਭਾਉ ਤੇ ਨਿਰਵੈਰ ਹੁੰਦਾ ਹੈ।

ਦੀਵਾਲੀ ਲੰਘ ਜਾਂਦੀ। ਅਸੀਂ ਅਗਲੇ ਦਿਨ ਬਨੇਰਿਆਂ ਤੇ ਬੀਹੀ 'ਚੋਂ ਦਿਊੜੇ (ਚੂੰਗੜੇ) ਇਕੱਠੇ ਕਰਦੇ। ਉਹਨਾਂ ਨਾਲ ਖੇਡਦੇ। ਕਈ ਦਿਊੜੇ ਟੁੱਟ ਜਾਂਦੇ ਪਰ ਸਾਡੀ ਆੜੀ ਨਾ ਟੁੱਟਦੀ। ਘਰੋਂ ਅਖਰੋਟ ਲੈ ਆਉਂਦੇ। ਘੁੱਤੀ (ਖੁੱਤੀ) ਪੁੱਟਦੇ ਤੇ ਪਤਾਮੇ ਮਿੱਚ ਕੇ ਅਖਰੋਟ ਖੇਡਦੇ। ਕਾਠੇ ਅਖਰੋਟ 'ਚ ਸਿੱਕਾ ਭਰਦੇ ਤੇ ਉਸ ਦੀ ਟੁੱਚ ਬਣਾਉਂਦੇ ਤਾਂ ਜੋ ਨਿਸ਼ਾਨਾ ਲਾਉਣ ਸਮੇਂ ਅਖਰੋਟ ਰੁੜ੍ਹ ਕੇ ਗਲੇ ਨਾ। ਸਿਸਤ ਬੰਨ੍ਹ ਕੇ ਸੱਟ (ਚੋਟ) ਮਾਰਦੇ। ਜਿੱਤਣ ਵਾਲੇ ਦਾ ਖੀਸਾ ਭਰ ਜਾਂਦਾ। ਭੁਰਚੂ ਅਖਰੋਟਾਂ ਨੂੰ ਭੰਨ੍ਹ-ਭੰਨ੍ਹ ਖਾਂਦੇ।

ਕਈ ਵੇਰ ਗੀਠੇ ਤੇ ਕੌਡੀਆਂ ਖੇਡਣ ਦੀ ਵਾਰੀ ਆਉਂਦੀ। ਘੁੱਤੀ ਪੁੱਟਦੇ, ਪਤਾਮੇ ਮਿੱਚਦੇ ਤੇ ਖੇਡ ਸ਼ੁਰੂ ਹੋ ਜਾਂਦੀ। ਪਿਲ-ਟੱਕਾ ਖੇਡਣ ਲਈ ਰੰਗ-ਬਰੰਗੇ ਬੰਟੇ (ਗੋਲੀਆ) ਇਕੱਠੇ ਕਰਦੇ। ਆਪਣੇ ਆਪਣੇ ਬੰਟੇ ਦੀ ਪਛਾਣ ਨਿਸ਼ਚਿਤ ਕਰਦੇ। ਬੰਟੇ ਖੜਕਾ ਕੇ ਸੁੱਟਦੇ। ਘੁੱਤੀ ਤੋਂ ਸਭ ਤੋਂ ਦੂਰ ਵਾਲਾ ਬੰਟਾ ਪਛਾਣਿਆ ਜਾਂਦਾ। ਉਸ ਬੰਟੇ ਦਾ ਖਿਡਾਰੀ ਪਹਿਲ ਅਰੰਭ ਕਰਦਾ। ਮੀਰੀ, ਦੋਗੀ ਤੇ ਫਾਡੀ ਬਣਦੇ ਰਹਿੰਦੇ।

ਕਈ ਵੇਰ ਮੁੰਡੇ ਕੁੜੀਆਂ ਰਲ ਕੇ ਪੀਚੋਂ ਵੀ ਖੇਡਦੇ। ਠੀਕਰੀ ਨਾਲ ਪੀਚੋਂ ਉਲੀਕਦੇ। ਠੀਕਰੀ

ਸੁੱਟਦੇ। ਪੀਚੋਂ 'ਤੇ ਛੜੱਪੇ ਮਾਰਦੇ ਤੇ ਖੇਡ ਚੱਲਦੀ ਰਹਿੰਦੀ। ਜੇ ਕੋਈ ਗੇਂਦ ਲੈ ਆਉਂਦਾ ਤਾਂ ਠੀਕਰੀਆਂ ਦਾ ਪਿੱਠੂ ਬਣਾ ਕੇ ਖੇਡਦੇ। ਗੇਂਦ ਵਾਲਾ ਪਿੱਠੂ 'ਤੇ ਨਿਸ਼ਾਨਾ ਮਾਰਦਾ। ਪਿੱਠੂ ਢਹਿਣ ਤੇ ਦੂਜਾ ਮੁੜ ਪਿੱਠੂ ਬਣਾਉਂਦਾ ਤੇ ਪੀਤੀ ਵਾਲਾ ਉਸ ਦੇ ਗੇਂਦ ਮਾਰਨ ਦੀ ਕੋਸ਼ਿਸ਼ ਕਰਦਾ। ਖ਼ੂਬ ਭੱਜ ਦੌੜ ਹੁੰਦੀ। ਦੀਸੋ ਤੇ ਦਿਆਲੋ ਤਕੜੀਆਂ ਕੁੜੀਆਂ ਹੋਣ ਕਾਰਨ, ਗੇਂਦ ਨਾਲ ਸਾਡੀਆਂ ਪਿੱਠਾਂ ਭੰਨ ਸੁੱਟਦੀਆਂ। ਬਚਪਨ 'ਚ ਇਨ੍ਹਾਂ ਸੱਟਾਂ ਦਾ ਦਰਦ ਮਹਿਸੂਸ ਨਾ ਹੁੰਦਾ। ਉਹ ਖੇਡ ਹੀ ਕੀ ਜੇ ਸੱਟ ਤੋਂ ਡਰ ਆਵੇ।

ਆਥਣ ਵੇਲੇ ਅਸੀਂ ਕਾਠ-ਕਠੋਲੀ ਖੇਡਦੇ। ਇੱਕ ਜਣਾ ਪੀਤੀ ਦੇਂਦਾ। ਬਾਕੀ ਖੇਡਣ ਵਾਲੇ ਲੱਕੜ (ਕਾਠ) ਦੀਆਂ ਚੀਜ਼ਾਂ ਉੱਤੇ ਚੜ੍ਹ ਜਾਂਦੇ। "ਕਾਠ-ਕਠੋਲੀ ਵਣ ਵਿੱਚ ਬੋਲੀ" ਕਹਿ ਕਹਿ ਰੌਲਾ ਪਾਉਂਦੇ। ਜਿਹੜਾ ਭੁੰਜੇ ਰਹਿ ਜਾਂਦਾ, ਉਹ ਛੁਹਿਆ ਜਾਂਦਾ ਤੇ ਦਾਈ ਉਸ ਦੇ ਸਿਰ ਆ ਜਾਂਦੀ। 'ਅੰਨ੍ਹੇ-ਝੋਟੇ' ਦੀ ਖੇਡ ਬੜੀ ਮਜਾਕੀਆ ਹੁੰਦੀ। ਇੱਕ ਜਣੇ ਦੀਆਂ ਅੱਖਾਂ ਕਿਸੇ ਕਪੜੇ ਨਾਲ ਬੰਨ੍ਹ ਦੇਂਦੇ ਤੇ ਬਾਕੀ ਜਣੇ ਉਸ ਦੇ ਆਲੇ-ਦੁਆਲੇ 'ਅੰਨ੍ਹਾਂ-ਝੋਟਾ' ਕਹਿ ਕਹਿ ਛੇੜ ਖਾਨੀ ਕਰਦੇ। ਜਿਹੜਾ ਛੁਹ ਹੋ ਜਾਂਦਾ, ਉਹ ਅੰਨਾ-ਝੋਟਾ ਬਣਦਾ ਤੇ ਖੇਡ ਚੱਲਦੀ ਰਹਿੰਦੀ। ਮੰਡੀਰ ਨੂੰ ਭਲਾਂ ਅਜੇਹੀਆਂ ਖੇਡਾਂ ਤੋਂ ਕੌਣ ਰੋਕ ਸਕਦਾ ਸੀ। ਆਪੇ ਸਿੱਖਦੇ ਸਿਖਾਉਂਦੇ ਰਹਿੰਦੇ।

ਆਮ ਤੌਰ ਤੇ ਅਸੀਂ ਪਿੰਡ ਦੇ ਦਰਵਾਜ਼ੇ ਕੋਲ ਇਕੱਠੇ ਹੁੰਦੇ। ਖੁੱਲ੍ਹੀ ਥਾਂ। ਸਭ ਦੀ ਸਾਂਝੀ ਥਾਂ। ਇੱਕ ਜਣਾ ਥੱਲੇ (ਭੁੰਜੇ) ਬੈਠ ਜਾਂਦਾ। ਬਾਕੀ ਖੇਡਣ ਵਾਲੇ ਆਪਣੀਆਂ ਮੁੱਠੀਆਂ, ਉਸਦੇ ਸਿਰ ਉੱਤੇ ਇੱਕ ਦੂਜੇ ਦੀ ਮੁੱਠੀ ਉੱਤੇ ਟਿਕਾ ਦੇਂਦੇ। ਸਾਰੇ ਬੋਲਦੇ : "ਮਾਈ, ਮਾਈ, ਕਿੰਨਾ ਕੁ ਬੋਝ ?" ਦਾਈ ਵਾਲਾ ਬੋਲਦਾ : "ਇੱਕ ਮੁੱਠੀ ਉਤਾਰ ਲੈ, ਦੂਜੀ ਨੂੰ ਸੁਆਰ ਲੈ।" ਏਦਾਂ ਵਾਰੀ ਵਾਰੀ ਸਾਰੀਆਂ ਮੁੱਠੀਆਂ ਉਤਾਰ ਲਈਆਂ ਜਾਂਦੀਆਂ। ਫਿਰ ਦਾਈ ਵਾਲਾ ਮਿੱਟੀ ਨੂੰ ਫਰੋਲਣਾ ਸ਼ੁਰੂ ਕਰਦਾ। ਦੂਜੇ ਪੁੱਛਦੇ : "ਮਾਈ, ਮਾਈ, ਕੀ ਟੋਲ੍ਹਦੀ ? ਉੱਤਰ ਮਿਲਦਾ: "ਸੂਈ"। "ਸੂਈ ਨੂੰ ਕੀ ਕਰਨਾ ?" "ਗੁੱਥਲੀ ਸਿਊਣੀ।" "ਗੁਥਲੀ ਕੀ ਕਰਨੀ ?" "ਪੈਸੇ ਪਾਉਣੇ।" "ਪੈਸੇ ਕੀ ਕਰਨੇ ?" "ਮੱਝ ਲਿਆਉਣੀ।" "ਮੱਝ ਕੀ ਕਰਨੀ ?" "ਦੁੱਧ ਪੀਣਾ।" "ਕਾਲੀ ਗਧੀ ਦਾ ਮੂਤ ਪੀ ਲੈ।" ਕਹਿ ਕੇ ਠਹਾਕਾ ਮਾਰਦੇ ਤੇ ਭੱਜ ਪੈਂਦੇ। ਜਿਸ ਨੂੰ ਦਾਈ ਵਾਲੀ ਛੁਹ ਲੈਂਦਾ, ਉਹ ਬੁੱਢੀ ਮਾਈ ਬਣਦਾ। ਲੋਟ-ਪੋਟ ਹੁੰਦੇ ਤੇ ਖੇਡ ਮੁੜ ਸ਼ੁਰੂ ਕਰ ਲੈਂਦੇ।

'ਕੋਟਲਾ-ਛਪਾਕੀ' ਦੀ ਖੇਡ ਤਾਂ ਅਸੀਂ ਆਮ ਕਰ ਕੇ ਮੁੰਡੇ ਕੁੜੀਆਂ ਇਕੱਠੇ ਖੇਡਦੇ। ਕੋਰੜਿਆਂ ਦੀ ਵਾਹਵਾ ਕੁੱਟ ਪੈਂਦੀ। "ਕੋਰੜਾ ਛਪਾਕੀ ਜੁੰਮੇ ਰਾਤ ਆਈ ਆ। ਜਿਹੜਾ ਅੱਗੇ ਪਿੱਛੇ ਦੇਖੂ ਉਸ ਦੀ ਸ਼ਾਮਤ ਆਈ ਆ।" ਗੋਲ ਚੱਕਰ ਵਿੱਚ ਬੈਠੇ ਗਾਉਂਦੇ ਤੇ ਚੋਰ-ਅੱਖ ਨਾਲ ਪਿੱਛੇ ਤੱਕਣ ਦੀ ਕੋਸ਼ਿਸ਼ ਕਰਦੇ।

ਤਿਰਕਾਲਾਂ ਵੇਲੇ ਅਸੀਂ ਕਈ ਵੇਰ 'ਖਿੱਦੋ-ਖੂੰਡੀ' ਖੇਡਦੇ। ਆਪਣਾ ਆਪਣਾ ਪਾਸਾ ਟਿੱਕਦੇ। ਖਿੱਦੋ ਲੀਰਾਂ ਦੀ ਬਣਾਈ ਹੁੰਦੀ ਤੇ ਲੱਕੜ ਦੀਆਂ ਖੂੰਡੀਆਂ ਦੇ ਡੰਗੇ ਹੱਥ ਫੜੇ ਹੁੰਦੇ। ਸਟਿੱਕ ਜਾਂ ਗੇਂਦ ਸਾਨੂੰ ਕਿੱਥੇ ਮਿਲਦੀ। ਸੂਰਜ ਛੁਪ ਜਾਂਦਾ ਪਰ ਸਾਡੀ ਖੇਡ ਚਲਦੀ ਰਹਿੰਦੀ।

'ਗੁੱਲੀ-ਡੰਡਾ' ਦੀ ਖੇਡ ਕਦੇ ਕੁੰਡਲ ਤੇ ਕਦੇ ਉਲ ਬਣਾਕੇ ਖੇਡਦੇ। ਇਸ ਖੇਡ ਤੋਂ ਮੈਨੂੰ ਡਰ ਜ਼ਰੂਰ

ਲਗਦਾ। ਇੱਕ ਵੇਰ ਮੇਰੇ ਮੱਥੇ ਗੁੱਲੀ ਆ ਵੱਜੀ। ਮੈਂ ਖੇਡਦਾ ਵੀ ਨਹੀਂ ਸੀ। ਮੱਥੇ 'ਤੇ ਗੋਲਾ ਪੈ ਗਿਆ। ਮੈਂ ਘਰ ਦਿਆਂ ਤੋਂ ਗੋਲਾ ਲੁਕਾਉਂਦਾ ਫਿਰਾਂ। ਆਖਰ ਮਾਂ ਨੂੰ ਪਤਾ ਲੱਗ ਹੀ ਗਿਆ।

'ਲੁੱਕਣਮੀਚੀ' ਦੀ ਖੇਡ ਤਾਂ ਆਮ ਖੇਡੀ ਜਾਂਦੀ। ਅਸੀਂ ਬੀਹੀ 'ਚ ਢਠੇ ਖੋਲਿਆਂ ਵਿੱਚ ਲੁਕ ਜਾਂਦੇ। ਇੱਕ ਜਣਾ ਪਟੀਲੀਓ ਮਾਰਦਾ। ਪੀਤੀ ਵਾਲਾ ਥਾਂ ਥਾਂ ਲੱਭਦਾ। ਘੁਸਰ-ਮੁਸਰ ਹੁੰਦੀ ਤੇ ਭੱਜ ਦੌੜ ਪੈ ਜਾਂਦੀ। ਦਾਈਆਂ ਲਾਉਂਦੇ। ਜਿਹੜਾ ਦਾਈਆਂ ਲਾਉਣ ਤੋਂ ਪਹਿਲਾਂ ਛੁਹ ਹੋ ਜਾਂਦਾ, ਦਾਈ ਉਸ ਦੇ ਸਿਰ ਹੋ ਜਾਂਦੀ। ਪਟੀਲੀਓ ਵੱਜਦੀ ਰਹਿੰਦੀ।

ਸਰਦੀਆਂ ਆਉਂਦੀਆਂ। ਅਸੀਂ ਚਾਦਰਾਂ ਜਾਂ ਖੇਸੀਆਂ ਦੀਆਂ ਝੁੰਮੀਆਂ ਮਾਰੀਆਂ ਹੁੰਦੀਆਂ। ਕੋਟੀ ਜਾਂ ਸਵੈਟਰ ਤਾਂ ਕਿਸੇ ਦੇ ਹੀ ਪਾਇਆ ਹੁੰਦਾ। ਖੱਦਰ ਦੇ ਕਾਠੇ ਝੱਗੇ ਹੀ ਸਰਦੀ ਤੋਂ ਕਾਫ਼ੀ ਹੁੰਦੇ। ਕਈਆਂ ਦੇ ਦੋ ਦੋ ਝੱਗੇ ਪਾਏ ਹੁੰਦੇ। ਸਾਡੇ 'ਚੋਂ ਕੋਈ 'ਚਾਦਰ-ਚਪੱਟ' ਖੇਡਣ ਲਈ ਕਹਿ ਦਿੰਦਾ। ਦੋ ਟੋਲੀਆਂ ਬਣਦੀਆਂ ਤੇ ਦੋ ਮੋਹਰੀ ਬਣਦੇ। ਬਾਕੀ ਖੇਡਣ ਵਾਲੇ ਦੋ ਦੋ ਜਣੇ ਜੋਟੀ ਬੰਨ੍ਹ ਮੜਿਕ ਕੇ ਉਹਨਾਂ ਕੋਲ ਆਉਂਦੇ। ਗੁਪਤ ਨਾਂ ਮਿੱਥੇ ਹੁੰਦੇ। 'ਡਿਕੋ-ਡਿਕ' ਆਖਦੇ। ਅੱਗੋਂ ਮੋਹਰੀ 'ਫਿਟੋ-ਫਿੱਟ' ਕਹਿ ਕੇ ਉੱਤਰ ਮੋੜਦੇ। "ਕੋਈ ਲੈ ਲੋ ਫੁੱਲ, ਕੋਈ ਲੈ ਲੋ ਚੰਦ, "ਮੜਿਕ ਕੇ ਆਈ ਜੋੜੀ ਆਖਦੀ। ਦੋਵੇਂ ਮੁਹਰੀ ਆਪਣੀ ਆਪਣੀ ਇੱਛਾ ਅਨੁਸਾਰ ਚੋਣ ਕਰਦੇ। ਇੰਝ ਅਸੀਂ ਅੱਧੋ-ਅੱਧ ਵੰਡੇ ਜਾਂਦੇ।

ਦੋਵੇਂ ਟੋਲੀਆਂ ਆਪਣਾ-ਆਪਣਾ ਪਾਸਾ ਮੱਲ ਲੈਂਦੀਆਂ, ਇੱਕ ਟੋਲੀ ਲੁਕਦੀ ਤੇ ਦੂਜੀ ਟੋਲੀ ਦਾ ਮੋਹਰੀ ਇੱਕ ਜਣੇ ਨੂੰ ਚਾਦਰ ਵਿੱਚ ਲਕੋ ਕੇ ਧਰਤੀ ਉੱਤੇ ਲਿਟਾ ਦਿੰਦਾ। ਦੂਜੀ ਟੋਲੀ ਦਾ ਮੁਹਰੀ ਆਪਣੀ ਟੋਲੀ 'ਚੋਂ ਲੁਕੇ ਹੋਏ ਕਿਸੇ ਇੱਕ ਨੂੰ ਆਵਾਜ਼ ਮਾਰ ਕੇ ਬੁਲਾਉਂਦਾ ਤੇ ਪੁੱਛਦਾ, "ਚਾਦਰ ਚਪੱਟ ਕੌਣ ਲੁਕਿਆ ?" ਵਾਰੀ ਵਾਲਾ ਖਿਡਾਰੀ ਚਾਦਰ ਥੱਲੇ ਲੁਕੇ ਹੋਏ ਉਪਰੋਂ ਦੀ ਛਾਲ ਮਾਰ ਕੇ, ਚਾਦਰ ਵਾਲੇ ਦਾ ਨਾਂ ਬੁਝਦਾ। ਜੇ ਨਾ ਬੁਝ ਹੁੰਦਾ ਤਾ ਅਗਲੇ ਖਿਡਾਰੀ ਨੂੰ ਆਵਾਜ਼ ਦਿੱਤੀ ਜਾਂਦੀ। ਨਾ ਬੁਝ ਹੋਣ 'ਤੇ ਬੋਲੀ ਦੂਰ ਗਈ ਆਖਿਆ ਜਾਂਦਾ। ਨਾਂ ਬੁਝ ਹੋਣ 'ਤੇ ਫਿਰ ਦੂਜਾ ਮੁਹਰੀ ਆਪਣੇ ਖਿਡਾਰੀ ਨੂੰ ਚਾਦਰ ਥੱਲੇ ਲਕੋਂਦਾ ਤੇ ਉਵੇਂ ਹੀ ਬੁਝ ਬੁਝਾਈ ਹੁੰਦੀ।

ਕਦੇ ਕਦੇ ਅਸੀਂ 'ਕਿਰਨਮ-ਕਾਣੀ' ਖੇਡਦੇ। ਇੱਕ ਜਣੇ ਦੀਆਂ ਅੱਖਾਂ ਕਿਸੇ ਕਪੜੇ ਨਾਲ ਬੰਨ੍ਹ ਦਿੰਦੇ ਜਾਂ ਉਸਦੇ ਪਿੱਛੇ ਬਹਿਕੇ ਦੂਜਾ ਖਿਡਾਰੀ ਆਪਣੇ ਹੱਥਾਂ ਨਾਲ ਉਸ ਦੀਆਂ ਅੱਖਾਂ ਕੱਜ ਲੈਂਦਾ। ਬਾਕੀ ਸਾਰੇ ਵਾਰੋ ਵਾਰੀ ਉਸ ਦੀਆਂ ਨਸਾਲੀਆਂ ਲੱਤਾਂ ਉਪਰੋਂ ਦੀ ਚੁਪਕੇ-ਚੁਪਕੇ ਟੱਪਦੇ। ਪਿੱਛੇ ਬੈਠਾ ਖਿਡਾਰੀ ਪੀਤੀ ਵਾਲੇ ਤੋਂ ਪੁੱਛਦਾ, "ਕਿਰਨਮ-ਕਾਣੀ ਕੌਣ ਟੱਪਿਆ ?" ਪੀਤੀ (ਦਾਈ) ਵਾਲਾ ਕਿਸੇ ਨਾ ਕਿਸੇ ਦਾ ਨਾਂ ਲੈਂਦਾ। ਜੇ ਉਸ ਦਾ ਨਾਮ ਨਾ ਬੁੱਝ ਹੁੰਦਾ ਤਾਂ 'ਬੋਲੀ ਦੂਰ ਗਈ' ਕਿਹਾ ਜਾਂਦਾ। ਫਿਰ ਵਾਰੀ ਉਸ ਦੇ ਸਿਰ ਆਉਂਦੀ। ਇਸ ਖੇਡ ਵਿੱਚ ਕੁੜੀਆਂ ਵੀ ਸ਼ਾਮਲ ਹੋ ਜਾਂਦੀਆਂ। ਕਸੱਲਿਆ, ਦਿਆਲੋ, ਦੀਸੋ ਤੇ ਕਾਕੀ ਸਾਡੀ ਬੀਹੀ ਦੀਆਂ ਕੁੜੀਆਂ ਦੇ ਨਾਂ ਮੈਨੂੰ ਅਜੇ ਵੀ ਚੇਤੇ ਆ ਜਾਂਦੇ ਹਨ। ਮੁੰਡੇ ਕੁੜੀਆਂ ਬਿਨਾਂ ਝਿਜਕ ਖੇਡਦੇ ਰਹਿੰਦੇ। ਕਿਸੇ ਨੂੰ ਘਰੋਂ ਹਾਕ ਪੈਂਦੀ ਤਾਂ ਹੀ ਖੇਡ ਛੱਡ ਕੇ ਜਾਂਦਾ।

ਵੱਡੀਆਂ ਢਾਣੀਆਂ ਨੂੰ ਵੇਖ, ਅਸੀਂ ਤਾਸ਼ ਖੇਡਣ ਦਾ ਮਜ਼ਾ ਵੀ ਲੈਂਦੇ। ਤਿੰਨ ਦੋ ਪੰਜ, ਸਰਾਂ ਰੱਖਣ

ਤੇ ਗਧੀ ਫੜਨ ਖੇਡਦੇ। ਕਦੇ ਕਦੇ ਮੈਨੂੰ ਡੰਗਰ ਚਾਰਨ ਵੀ ਜਾਣਾ ਪੈਂਦਾ। ਸਾਨੂੰ ਗੱਠੋ ਗਾਂ ਬੜੀ ਪਿਆਰੀ ਹੁੰਦੀ। ਮੱਝਾਂ ਦੂਰ ਚਰਾਂਦ ਵਿੱਚ ਚਰਦੀਆਂ ਰਹਿੰਦੀਆਂ। ਵਿਹਲਾ ਸਮਾਂ ਲੰਘਾਉਣ ਲਈ ਧਰਤੀ 'ਤੇ ਲੀਕਾਂ ਮਾਰ 'ਬਾਰਾਂ-ਬੀਟੀ' ਤੇ 'ਬੋੜਾ ਖੂਹ' ਖੇਡਦੇ। ਲਾਠੀਆਂ ਨਾਲ ਸੂਰਜ ਦਾ ਪਰਛਾਵਾਂ ਮਿਣਦੇ ਤੇ ਆਥਣ ਹੋਈ ਪਸ਼ੂਆਂ ਨੂੰ ਹੱਕ ਤੁਰਦੇ।

ਬਚਪਨ ਦੀਆਂ ਖਲਾਰਾਂ (ਖੇਡਾਂ) ਸਾਨੂੰ ਬੜੀਆਂ ਪਿਆਰੀਆਂ ਹੁੰਦੀਆਂ। ਖੇਡਾਂ ਦੇ ਨਿਯਮ ਆਪ ਹੀ ਘੜਦੇ। ਕਦੇ ਕੋਈ ਰੋਂਡ ਪਿੱਟਦਾ ਤੇ ਲੜ ਪੈਂਦੇ। ਪਰੰਤੂ ਅਗਲੇ ਦਿਨ ਮੁੜ ਖੇਡਣ ਲਈ ਸਭ ਕੁਝ ਭੁੱਲ ਭੁਲਾ ਜਾਂਦੇ। ਵੰਡ ਵੰਡਾਈ ਕਰਨ ਪਿਛੋਂ ਵੀ ਸਾਡਾ ਬਚਪਨ ਅਣਵੰਡਿਆ ਰਹਿੰਦਾ। ਖੇੜਾ, ਖੁਸ਼ੀ ਤੇ ਚਾਅ ਇਨ੍ਹਾਂ ਖੇਡਾਂ ਦੀ ਪ੍ਰਾਪਤੀ ਹੁੰਦੀ।


ਨਿੱਕੇ ਹੁੰਦਿਆਂ ਸਾਨੂੰ ਰੇਲ ਗੱਡੀ ਵੇਖਣ ਦਾ ਬੜਾ ਚਾਅ ਹੁੰਦਾ। ਰੇਲ-ਗੱਡੀ ਬਾਰੇ ਗੱਲਾਂ ਸੁਣਦੇ। ਰੇਲ ਦੀ ਸੁਆਰੀ ਕਰਨ ਨੂੰ ਚਿੱਤ ਕਰਦਾ। ਅਸੀਂ ਨਿੱਕੇ-ਨਿੱਕੇ ਇਕੱਠੇ ਹੁੰਦੇ ਤੇ ਇੱਕ ਦੂਜੇ ਦੇ ਝੱਗੇ ਦਾ ਪਿਛਲਾ ਪੱਲਾ ਫੜ-ਫੜ ਇੱਕ ਬਣਾਉਟੀ ਰੇਲ ਬਣਾਉਂਦੇ। ਮੂਹਰੇ ਇੰਜਣ ਵਾਲਾ ਛਕ-ਛਕ ਕਰਦਾ। ਸੀਟੀ ਮਾਰਦਾ ਤੇ ਕੂ-ਕੂ ਕਰਦੇ ਅਸੀਂ ਆਪਣੀ ਰੇਲ-ਗੱਡੀ ਚਲਾਉਂਦੇ। ਸਾਡੀ ਕਲਪਨਾ ਦੀ ਰੇਲ ਭੱਜੀ ਫਿਰਦੀ।

ਅਸਮਾਨ ਵਿੱਚ ਹਵਾਈ ਜਹਾਜ਼ ਨੂੰ ਵੇਖ ਕੇ ਖੁਸ਼ ਹੁੰਦੇ। ਕਾਗਜ਼ ਦੇ ਜਹਾਜ਼ ਬਣਾ ਕੇ ਉਡਾਂਦੇ। ਕਾਗਜ਼ ਦੀਆਂ ਫਿਰਚੀਆਂ ਬਣਾਉਂਦੇ ਤੇ ਚੱਲਦੀ ਹਵਾ ਵੱਲ ਮੂੰਹ ਕਰਕੇ ਖੜੋ ਜਾਂਦੇ। ਪਿੱਪਲ ਜਾਂ ਬੋਹੜ ਦੇ ਪੱਤਿਆਂ ਦੀਆਂ ਫਿਰਚੀਆਂ ਨੂੰ ਕਿਸੇ ਕਾਨੇ ਵਿੱਚ ਸੂਲ ਨਾਲ ਗੱਡ ਕੇ ਚਲਾਉਂਦੇ। ਫਰਨ ਫਰਨ ਫਿਰਚੀਆਂ ਘੁੰਮਦੀਆਂ। ਜਿੰਨੀ ਤੇਜ਼ ਅਸੀਂ ਦੌੜਦੇ, ਉਤਨੀ ਤੇਜ਼ ਫਿਰਚੀਆਂ ਘੁੰਮਦੀਆਂ।

ਵੱਡੇ ਹੋ ਕੇ ਅਸੀਂ ਲਾਟੂ ਖੇਡਣ ਦੀ ਜ਼ਿੱਦ-ਜ਼ਦਾਈ ਕਰਦੇ। ਬਹੁਤ ਵਧੀਆ ਲੱਕੜ ਦੇ ਲਾਟੂ ਦੀਆਂ ਗੱਲਾਂ ਹੁੰਦੀਆਂ। ਲਾਟੂਆਂ ਦੀਆਂ ਸੂਈਆਂ ਤਿੱਖੀਆਂ ਕਰਦੇ। ਲਾਟੂਆਂ ਨੂੰ ਸਰੋਂ ਦੇ ਤੇਲ ਵਿੱਚ ਡਬੋ ਕੇ ਪੱਕੇ ਤੇ ਚੀੜੇ ਕਰਦੇ, ਉੱਤੇ ਪਿੱਤਲ ਦੇ ਕੋਕੇ ਲਾਉਂਦੇ। ਸੂਤ ਦੀ ਰੱਸੀ ਕੱਸ ਕੇ ਲਪੇਟ ਦੇ ਤੇ ਫਿਰ ਹੱਥ ਦੀ ਪੂਰੀ ਤਾਕਤ ਨਾਲ ਲਾਟੂ ਨੂੰ ਧਰਤੀ ਉੱਤੇ ਮਾਰਦੇ ਤੇ ਰੱਸੀ ਖਿੱਚਦੇ। ਕੁੰਡਲ ਵਿੱਚ ਲਾਟੂ ਘੋਰਾਂ ਪਾਉਂਦਾ। ਕਦੇ ਕੁੰਡਲ 'ਚੋਂ ਬਾਹਰ ਦੱਗਾ ਖਾ ਕੇ ਲਾਟੂਆਂ ਨੂੰ ਕੁੰਡਲ ਵਿੱਚ ਗੱਡਦੇ ਤੇ ਵਾਰੀ-ਵਾਰੀ ਆਪਣੇ ਲਾਟੂ ਉਹਨਾਂ ਲਾਟੂਆਂ ਉੱਤੇ ਮਾਰਨ ਖੇਡਦੇ। ਕਿਸੇ ਦਾ ਲਾਟੂ ਪਾਟ ਜਾਂਦਾ ਤੇ ਕਿਸੇ ਦੀ ਸੂਈ ਮੁਚ ਜਾਂਦੀ। ਖੂਬ ਜ਼ੋਰ ਅਜਮਾਈ ਹੁੰਦੀ।

ਸੱਚ ਹੈ ਕਿ ਬੱਚੇ ਨੂੰ ਖੇਡ ਪਿਆਰੀ ਹੁੰਦੀ ਹੈ। ਖੇਡ ਖੇਡ 'ਚ ਹੀ ਬੱਚਾ ਬਹੁਤ ਕੁਝ ਸਿੱਖ ਜਾਂਦਾ ਹੈ। ਮੇਰੇ ਬਚਪਨ ਦੀਆਂ ਖੇਡਾਂ ਮੇਰੇ ਮੁੱਢਲੇ ਜੀਵਨ ਦਾ ਵਿਰਸਾ ਹਨ। ਇਹ ਖੇਡਾਂ ਵੱਖੋ ਵੱਖ ਇਲਾਕਿਆਂ ਵਿੱਚ ਵੱਖਰੀਆਂ ਵੀ ਹਨ ਪਰੰਤੂ ਕੁਝ ਖੇਡਾਂ ਹਰ ਥਾਂ ਹੀ ਖੇਡੀਆਂ ਜਾਂਦੀਆਂ ਹਨ। ਇਨ੍ਹਾਂ 'ਚੋਂ ਕੁਝ ਖੇਡਾਂ ਹੁਣ ਬਿਲਕੁਲ ਹੀ ਅਲੋਪ ਹੋ ਗਈਆਂ ਹਨ ਤੇ ਕਈ ਨਵੀਆਂ ਖੇਡਾਂ ਹੋਂਦ ਵਿੱਚ ਆ ਗਈਆਂ ਹਨ। ਬਚਪਨ ਪੁਰਾਣਾ ਹੁੰਦਾ ਰਹਿੰਦਾ ਹੈ ਤੇ ਜੀਵਨ ਅੱਗੇ ਅੱਗੇ ਤੁਰਦਾ ਰਹਿੰਦਾ ਹੈ।

# ਘੂਚਾ-ਪੀਚੀ ਬੰਦ




1953 ਦੀ ਗੱਲ ਹੈ। ਉਦੋਂ ਮੈਂ ਖਾਲਸਾ ਹਾਈ ਸਕੂਲ ਖਰੜ ਵਿੱਚ ਛੇਵੀਂ ਸ਼੍ਰੇਣੀ ਦਾ ਵਿਦਿਆਰਥੀ ਸਾਂ। ਪ੍ਰਾਇਮਰੀ ਸਕੂਲ ਤੋਂ ਅਗਲਾ ਸਕੂਲ। ਅੰਗਰੇਜ਼ੀ ਸਾਨੂੰ ਮੇਰੇ ਪਿਤਾ ਸ੍. ਸਰੂਪ ਸਿੰਘ ਜੀ ਪੜ੍ਹਾਉਂਦੇ ਹੁੰਦੇ ਸਨ। ਅੰਗਰੇਜ਼ੀ ਪੜ੍ਹਾਉਣ ਵਿੱਚ ਉਹਨਾਂ ਦੀ ਪ੍ਰਸਿੱਧੀ ਸੀ। ਖੇਡ-ਵਿਧੀ ਨਾਲ ਪੜ੍ਹਾਉਂਦੇ ਹੁੰਦੇ ਸਨ। ਪੜ੍ਹਾਉਂਦੇ ਪੜਾਉਂਦੇ ਉਹ ਬੱਚਿਆਂ ਵਿੱਚ ਬੱਚੇ ਹੋ ਜਾਂਦੇ। ਆਪਾ ਭੁੱਲ ਜਾਂਦੇ। ਉਹਨਾਂ ਦੇ ਪੜ੍ਹਾਉਣ ਦੇ ਢੰਗ ਦੀਆਂ ਹੁਣ ਵੀ ਗੱਲਾਂ ਹੁੰਦੀਆਂ ਰਹਿੰਦੀਆਂ ਹਨ। ਉਹਨਾਂ ਦੀ ਚੁਪੇੜ (ਥੱਪੜ) ਤੇ ਮੌਲਾ ਬਖ਼ਸ਼ (ਡੰਡਾ) ਦੀ ਸਜ਼ਾ ਵੀ ਪੁਰਾਣੇ ਵਿਦਿਆਰਥੀਆਂ ਨੂੰ ਯਾਦ ਆ ਜਾਂਦੀ ਹੈ। 'ਉਂਗਲੀ ਜਾਏ ਸਬਕ ਕੇ ਸਾਥ, 'ਉਂਗਲੀ ਜਾਏ ਜੀ' ਦਾ ਮੁਹਾਰਨੀ-ਢੰਗ, ਉਹਨਾਂ ਦਾ ਕਿਸੇ ਤੋਂ ਭੁਲਾਇਆ ਨਹੀਂ ਜਾ ਸਕਦਾ।

ਉਹਨਾਂ ਦੀਆਂ ਕਈ ਹੋਰ ਆਪ ਸਿਰਜੀਆਂ ਮੁਹਾਰਨੀਆਂ ਵੀ ਮਸ਼ਹੂਰ ਹਨ।

ਪਿਤਾ ਜੀ ਅੰਗਰੇਜ਼ੀ ਸਿੱਖਣ ਵਾਲੇ ਛੇਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਲਿਖਾਈ ਵੱਲ ਉਚੇਚਾ ਧਿਆਨ ਦੇਂਦੇ ਹੁੰਦੇ ਸਨ। ਉਹਨਾਂ ਦਾ ਚਾਰ-ਲਾਇਨੀ ਕਾਪੀ ਉੱਤੇ ਪਹਿਲੇ ਮਹੀਨੇ ਪੈਨਸਿਲ ਨਾਲ ਆਪਣੇ ਹੀ ਤਰੀਕੇ ਨਾਲ ਲਿਖਾਉਣ ਦਾ ਢੰਗ ਬੜਾ ਰੌਚਿਕ ਹੁੰਦਾ ਸੀ। ਖੁੰਡੀ, ਢਾਂਗੂ ਤੇ ਅੰਡੇ ਦੀਆਂ ਸ਼ਕਲਾਂ ਦੇ ਚਿੰਨ੍ਹਾਂ ਨਾਲ ਕਈ ਕਈ ਅੱਖਰ ਲਿਖਣੇ ਸਿਖਾਉਂਦੇ। ਅਸੀਂ ਜਿਵੇਂ ਅੱਖਰਾਂ ਨਾਲ ਖੇਡਦੇ ਹੋਈਏ। ਫਿਰ 'ਜੀ' ਦੇ ਨਿੱਬ ਨਾਲ ਅੰਗਰੇਜ਼ੀ ਦਾ ਇਕੱਲਾ ਅੱਖਰ ਮਸ਼ਕ ਵੱਜੋਂ ਲਿਖ ਕੇ ਦੇਂਦੇ। ਸਾਨੂੰ ਡੰਕ (ਪੈੱਨ) ਫੜਨ ਦੀ ਜਾਚ ਦਸਦੇ। ਡੋਬਾ ਲੈਣ ਦਾ ਤਰੀਕਾ ਦੱਸਦੇ। ਨਿਬ ਦੀ ਲਚਕ ਤੇ ਤੋਰ ਬਾਰੇ ਆਪ ਨਮੂਨਾ ਦੇਂਦੇ। ਉਹਨਾਂ ਦਾ ਇਹ ਤਰੀਕਾ ਬੱਚੇ ਨੂੰ ਗਡੀਰਨੇ ਨਾਲ ਤੁਰਨ ਦੀ ਆਦਤ ਵਾਂਗ ਜਾਪਦਾ। ਸਾਡੀ ਅੱਖਰਾਂ ਨਾਲ ਸਾਂਝ ਪੁਆਉਂਦੇ, ਉਹਨਾਂ ਨਾਲ ਸਾਡੀ ਆੜੀ ਪੁਆਉਂਦੇ।

ਪਿਤਾ ਜੀ ਦੀ ਆਪਣੀ ਲਿਖਾਈ ਪਰਪੱਕ, ਸੁੰਦਰ, ਸਪਸ਼ਟ ਤੇ ਸੁੱਚਜੀ ਹੋਣ ਕਾਰਨ ਵਿਦਿਆਰਥੀਆਂ ਦੀ ਹੱਥ-ਲਿਖਤ ਉੱਤੇ ਅਮਿੱਟ ਛਾਪ ਪਾ ਦੇਂਦੀ। ਹਰ ਵਿਦਿਆਰਥੀ ਦੀ ਕਾਪੀ ਚੈੱਕ ਕਰਦੇ। ਉਸਨੂੰ ਕਦੇ ਸ਼ਾਬਾਸ਼, ਕਦੇ ਗੁੱਡ ਦੇਂਦੇ। ਕਈ ਗੱਲਾਂ ਸਮਝਾਉਂਦੇ ਤੇ ਨਸੀਹਤ ਕਰਦੇ। "ਅਸਲ ਵਿੱਚ ਚੰਗੀ ਲਿਖਤ ਤੋਂ ਚੰਗਾ ਪ੍ਰਭਾਵ ਬਣਦਾ ਹੈ," ਉਹਨਾਂ ਦਾ ਇਹ ਵਿਸ਼ਵਾਸ ਸੀ। ਪੜ੍ਹਾਈ ਦੇ ਨਾਲ ਨਾਲ ਉਹ ਸਾਨੂੰ ਹੋਰ ਵੀ ਕਈ ਚੰਗੀਆਂ ਅਤੇ ਨੈਹਿਕਤਾ ਵਾਲੀਆਂ ਗੱਲਾਂ ਦੱਸਦੇ ਰਹਿੰਦੇ।

ਸਾਡੇ ਅੰਗਰੇਜ਼ੀ ਦੀ ਲਿਖਾਈ ਦੇ ਮੁਕਾਬਲੇ ਕਰਵਾਏ ਜਾਂਦੇ। ਕਈ ਵੇਰ ਸਾਡੀਆਂ ਕਾਪੀਆਂ ਮੁੱਖ-ਅਧਿਆਪਕ ਜੀ ਦੇ ਦਫ਼ਤਰ ਭੇਜੀਆਂ ਜਾਂਦੀਆਂ। ਮੇਰੀ ਲਿਖਾਈ ਸਭ ਤੋਂ ਵੱਧ ਸਲਾਹੀ ਜਾਂਦੀ। ਪਿਤਾ ਜੀ ਨੇ ਮੈਨੂੰ ਖੁਸ਼ੀ ਵੱਜੋਂ ਇੱਕ ਰੁਪਏ ਦਾ ਇਨਾਮ ਦਿੱਤਾ। ਪੜ੍ਹਾਈ ਵਿੱਚ ਸ਼ਾਇਦ ਇਹ ਮੇਰਾ ਪਹਿਲਾ ਇਨਾਮ ਸੀ। ਮੈਨੂੰ ਬੜੀ ਖੁਸ਼ੀ ਹੋਈ। ਸ਼੍ਰੇਣੀ ਵਿੱਚ ਮੇਰੀ ਚੜ੍ਹ ਮੱਚ ਗਈ।

ਖੁਸ਼ਖ਼ਤ ਲਿਖਾਈ ਬਾਰੇ ਪਿਤਾ ਜੀ ਸਾਨੂੰ ਪ੍ਰੇਰਨਾ ਦੇਂਦੇ। ਕਾਪੀ ਦੇ ਖੱਬੇ ਹੱਥ ਹਾਸ਼ੀਏ 'ਚ 'ਅੱਗੇ ਤੋਂ ਚੰਗਾ', 'ਅੱਗੇ ਤੋਂ ਸੁਹਣਾ', 'ਅੱਗੇ ਤੋਂ ਸਾਫ਼', 'ਅੱਗੇ ਤੋਂ ਸੁੰਦਰ' ਆਦਿ ਮਾਟੋ ਲਿਖਵਾਉਂਦੇ ਤੇ ਨਿਤਾ-ਪ੍ਰਤੀ ਕੰਮ ਨਾਲ ਤਾਰੀਖ ਲਿਖਵਾਉਂਦੇ। ਸਾਨੂੰ ਵੱਡੇ ਹੋ ਕੇ ਇਸ ਗੱਲ ਦਾ ਭੇਤ ਖੁੱਲ੍ਹਿਆ ਕਿ ਇਨ੍ਹਾਂ ਮਾਟੋਆਂ ਦਾ ਸਾਡੇ ਬਾਲ-ਮਨ ਉੱਤੇ ਕਿੰਨਾ ਚੰਗਾ ਮਨੋਵਿਗਿਆਨਕ ਪ੍ਰਭਾਵ ਪੈਂਦਾ ਹੋਵੇਗਾ। ਅਸੀਂ ਪੂਰਾ ਤਾਣ ਲਾ ਦੇਂਦੇ ਤਾਂ ਜੋ ਕਿਸੇ ਅੱਖਰ ਵਿੱਚ ਕੋਈ ਨੁਕਸ ਨਾ ਨਿਕਲੇ। ਪੂੰਝਾ ਨਾ ਪੈਣ ਦਿੰਦੇ। ਕੱਟ-ਵੱਢ ਨਾ ਕਰਦੇ। ਕਾਪੀ 'ਚੋਂ ਵਰਕੇ ਫਾੜਨ ਦੀ ਸਖ਼ਤ ਮਨਾਹੀ ਹੁੰਦੀ। ਇਸੇ ਕਰਕੇ ਹਰ ਬੱਚੇ ਤੋਂ ਕਾਪੀ ਦੇ ਪੰਨੇ ਲੁਆਏ ਜਾਂਦੇ। ਇੱਕ ਪਾਸੇ ਲਿਖਾਈ ਲਈ ਚਾਅ ਹੁੰਦਾ ਤੇ ਦੂਜੇ ਪਾਸੇ ਸਜ਼ਾ ਦਾ ਭੈਅ।

ਮੈਥੋਂ ਇੱਕ ਦਿਨ ਦੀ ਘਟਨਾ ਕਦੇ ਭੁਲਾਈ ਨਹੀਂ ਜਾ ਸਕੀ। ਇੱਕ ਅਭੁੱਲ ਯਾਦ ਵਾਂਗ। ਅੱਖਰਾਂ ਤੋਂ ਬਾਅਦ ਸ਼ਬਦ ਤੇ ਸ਼ਬਦਾਂ ਤੋਂ ਅੱਗੇ ਵਾਕ ਲਿਖਣ ਦਾ ਅਭਿਆਸ ਕਰਵਾਇਆ ਜਾ ਰਿਹਾ ਸੀ। ਪਿਤਾ

ਜੀ ਨੇ ਸਾਨੂੰ ਘਰ ਤੋਂ ਲਿੱਖ ਕੇ ਲਿਆਉਣ ਲਈ ਸੁੰਦਰ ਸਫ਼ੇ ਵੱਜੋਂ ਇੱਕ ਲੰਮਾ ਵਾਕ 'ਆਈ ਐਮ ਰਾਈਟਿੰਗ ਏ ਲੈਟਰ ਟੂ ਮਾਈ ਡੀਅਰ ਫਾਦਰ' (I am writing a letter to my dear father.) ਦਿੱਤਾ।

ਦੂਜੇ ਦਿਨ ਸਾਰੇ ਵਿਦਿਆਰਥੀਆਂ ਦੀਆਂ ਕਾਪੀਆਂ ਚੈੱਕ ਹੋਈਆਂ। ਪਿਤਾ ਜੀ ਹਰ ਵਿਦਿਆਰਥੀ ਦੀ ਕਾਪੀ ਵੇਖਦੇ ਤੇ ਉਸਨੂੰ ਖੜੇ ਰਹਿਣ ਦਾ ਹੁਕਮ ਦਈ ਜਾਂਦੇ। ਅਸੀਂ ਸਾਰੇ ਹੈਰਾਨ ਹੋ ਰਹੇ ਸਾਂ। ਕਿ ਕੀ ਕਾਰਨ ਹੈ ? ਮੇਰੀ ਵੀ ਵਾਰੀ ਆਈ। ਮੈਨੂੰ ਵੀ ਹੋਰਾਂ ਵਾਂਗ ਖੜੇ ਰਹਿਣ ਦਾ ਹੁਕਮ ਹੋਇਆ। ਆਪਣੇ ਵੱਲੋਂ ਮੈਂ ਪੂਰਾ ਜ਼ੋਰ ਲਾ ਕੇ ਲਿਖਿਆ ਸੀ। ਮੈਨੂੰ ਸਮਝ ਨਹੀਂ ਸੀ ਆ ਰਹੀ ਕਿ ਲਿਖਾਈ ਵਿੱਚ ਕੀ ਨੁਕਸ ਹੈ। ਸ਼ਾਇਦ ਭੁੱਲਦਾ ਨਾ ਹੋਵਾਂ, ਕੇਵਲ ਇੱਕ ਵਿਦਿਆਰਥੀ ਨੂੰ ਖੜੇ ਹੋਣ ਤੋਂ ਛੋਟ ਮਿਲੀ ਸੀ। ਮੈਨੂੰ ਆਪਣੀ ਪਿੱਠ ਲੱਗੀ ਜਾਪੀ। ਅਸੀਂ ਡਰਦੇ ਇੱਕ ਦੂਜੇ ਵੱਲ ਬਿਟ-ਬਿਟ ਤੱਕ ਰਹੇ ਸੀ।

ਫੇਰ ਪਿਤਾ ਜੀ ਨੇ ਉਹ ਵਾਕ ਆਪ, ਦਿੱਤੀਆਂ ਹੋਈਆਂ ਹਦਾਇਤਾਂ ਚੇਤੇ ਕਰਵਾ ਕੇ ਬੋਰਡ ਉੱਤੇ ਲਿਖਿਆ। ਉਹ ਵਾਕ ਦੋ ਲਾਇਨਾਂ ਵਿੱਚ ਆਇਆ। ਪਿਤਾ ਜੀ ਨੇ ਇੱਕ ਸ਼ਬਦ ਤੋਂ ਦੂਜੇ ਸ਼ਬਦ ਦੀ ਵਿੱਥ ਛੋਟੇ ਐੱਮ (m) ਜਿੰਨੀ ਹੋਣ ਬਾਰੇ ਸੁਚੇਤ ਕੀਤਾ। ਅਸੀਂ ਇਹ ਗ਼ਲਤੀ ਕੀਤੀ ਕਿ ਲਾਇਨ ਦੀ ਬੱਚਤ ਕਰਦਿਆਂ, ਉਹ ਵਾਕ ਸੰਘਣਾ ਕਰਕੇ ਇੱਕੋ ਲਾਇਨ ਵਿੱਚ ਲਿਖ ਮਾਰਿਆ। ਅੱਖਰਾਂ ਤੇ ਸ਼ਬਦਾਂ ਨੂੰ ਰੇਲ-ਗੱਡੀ ਦੇ ਡੱਬਿਆਂ ਵਾਂਗ ਇੱਕ ਦੂਜੇ ਉੱਤੇ ਚੜ੍ਹਾ ਦਿੱਤੀ। ਸਾਨੂੰ ਆਪਣੀ ਗ਼ਲਤੀ ਸਮਝ ਆ ਗਈ। ਅਸੀਂ ਸਾਰੇ ਸ਼ਰਮਿੰਦੇ ਸਾਂ।

ਸਾਰਿਆਂ ਨੂੰ ਉਹ ਵਾਕ ਮੁੜ ਲਿਖਣ ਲਈ ਆਖਿਆ ਗਿਆ। ਪਿਤਾ ਜੀ ਹਰ ਵਿਦਿਆਰਥੀ ਨੂੰ ਆਪਣੇ ਕੋਲ ਬੁਲਾਉਂਦੇ। ਉਸਦੇ ਹੱਥ ਅੱਗੇ ਕਰਾ ਕੇ ਇੱਕ ਡੰਡਾ ਮਾਰਦੇ ਤੇ ਨਾਲ ਅਖਵਾਉਂਦੇ : "ਕਹਿ, ਘੂਚਾ-ਪੀਚੀ ਬੰਦ।" ਹਰ ਇੱਕ ਨੂੰ (ਸਵਾਏ ਉਸ ਇੱਕ ਵਿਦਿਆਰਥੀ ਦੇ) ਸਜ਼ਾ ਮਿਲਦੀ ਗਈ ਤੇ 'ਘੂਚਾ-ਪੀਚੀ ਬੰਦ' ਦੀ ਨਸੀਹਤ ਮਿਲਦੀ ਗਈ। ਮੇਰੀ ਵੀ ਵਾਰੀ ਆਈ। ਮੈਨੂੰ ਵੀ ਡੰਡੇ ਦਾ ਕਰਾਰਾ ਗੱਫਾ ਮਿਲਿਆ। "ਕਹਿ, ਘੂਚਾ-ਪੀਚੀ ਬੰਦ।" ਮੇਰੇ ਅੱਥਰੂ ਡਿਗਦੇ ਡਿਗਦੇ ਬਚੇ। ਇੱਕ ਰੁਪਏ ਦਾ ਇਨਾਮ ਮਿਲਣ ਕਰਕੇ ਮੈਨੂੰ ਹੋਰ ਵੀ ਸ਼ਰਮ ਆਈ। ਇਸ ਸਜ਼ਾ ਨੇ ਮੇਰੀ ਲਿਖਾਈ ਨੂੰ ਸਦਾ ਲਈ ਖੁਲ੍ਹਾ ਕਰ ਦਿੱਤਾ। ਬਾਅਦ ਵਿੱਚ ਪਿਤਾ ਜੀ ਨੇ ਇਸ ਸਜ਼ਾ ਨੂੰ ਹਾਸੀ ਦੇ ਮਾਹੌਲ ਵਿੱਚ ਬਦਲ ਦਿੱਤਾ ਤੇ ਅਸੀਂ 'ਘੂਚਾ-ਪੀਚੀ ਬੰਦ' ਕਦੇ ਨਾ ਭੁੱਲ ਸਕੇ।

***

# ਮੇਰਾ ਪ੍ਰੇਰਨਾ ਸ੍ਰੋਤ




ਉਦੋਂ ਮੈਂ ਅੱਠਵੀਂ ਸ਼੍ਰੇਣੀ 'ਚ ਪੜ੍ਹਦਾ ਸੀ, 1955 ਵਿੱਚ। ਇੱਕ ਦਿਨ ਮੈਂ ਆਪਣੇ ਪਿਤਾ ਜੀ ਨਾਲ, ਆਪਣੇ ਅਸਲ ਪਿੰਡ ਪਲਸੌਰਾ (ਜੋ ਹੁਣ ਯੂ.ਟੀ ਚੰਡੀਗੜ੍ਹ 'ਚ ਹੈ) ਵੇਖਣ ਗਿਆ। ਮੇਰੇ ਮਨ ਵਿੱਚ ਉਹ ਮਕਾਨ ਵੇਖਣ ਦੀ ਇੱਛਾ ਸੀ ਜਿੱਥੇ ਪਿਤਾ ਜੀ ਨੇ ਆਪਣਾ ਬਚਪਨ ਗੁਜ਼ਾਰਿਆ ਸੀ। ਪਿਤਾ ਜੀ ਯਤੀਮ ਹੋ ਗਏ ਸਨ ਜਦੋਂ ਉਹ ਅਠੱਵੀਂ 'ਚ ਪੜ੍ਹਦੇ ਸਨ। ਉਹਨਾਂ ਦਾ ਕੋਈ ਸਕਾ ਭੈਣ-ਭਰਾ ਜਾਂ ਚਾਚਾ ਤਾਇਆ ਵੀ ਨਹੀਂ ਸੀ।

ਪਿਤਾ ਜੀ ਆਪਣੇ ਵਿਆਹ ਪਿੱਛੋਂ, ਖਾਲਸਾ ਹਾਈ ਸਕੂਲ ਖਰੜ 'ਚ ਅਧਿਆਪਕ ਲੱਗ ਗਏ

ਸਨ। ਮੇਰੇ ਮਾਤਾ ਜੀ ਦੇ ਮਾਪਿਆਂ ਨੇ ਪਿਤਾ ਜੀ ਨੂੰ ਉਹਨਾਂ ਦੇ ਸਹੁਰੇ ਪਿੰਡ ਦਾਊਂ ਹੀ ਵਸਾ ਲਿਆ ਸੀ। ਦਾਊਂ ਤੋਂ ਖਰੜ ਆਉਣਾ ਜਾਣਾ ਵੀ ਸੌਖਾ ਸੀ। ਦੂਜੇ ਮੇਰੇ ਮਾਤਾ ਜੀ ਵੀ ਕੱਲਮ-ਕੱਲੇ ਹੀ ਸਨ। ਇਸੇ ਕਰਕੇ ਪਿਤਾ ਜੀ ਕਈ ਵੇਰ ਹਸਦੇ ਹਸਦੇ ਆਖ ਛੱਡਦੇ ਕਿ ਮੈਂ ਨਹੀਂ ਸਗੋਂ ਤੁਹਾਡੀ ਮਾਤਾ ਜੀ ਮੈਨੂੰ ਵਿਆਹ ਕੇ ਦਾਊਂ ਲਿਆਏ ਸਨ।

ਇਹ ਸੱਚ ਹੈ ਕਿ ਮਨੁੱਖ ਨੂੰ ਆਪਣੀ ਜਨਮ-ਭੁਇੰ ਨਾਲ ਮਾਨਸਿਕ ਤੌਰ ਤੇ ਮੋਹ ਹੁੰਦਾ ਹੈ। ਪਿਤਾ ਜੀ ਕਦੇ ਕਦੇ ਆਪਣੇ ਪਿੰਡ ਪਲਸੌਰਾ ਆਪਣਾ ਮਕਾਨ, ਜ਼ਮੀਨ ਤੇ ਭਾਈਚਾਰੇ ਦੀ ਖ਼ਬਰਸਾਰ ਲੈਣ ਜ਼ਰੂਰ ਜਾਂਦੇ। ਮੈਂ ਆਪਣੇ ਨਾਨਕੇ ਪਿੰਡ ਦਾਊਂ ਜੰਮਿਆ ਪਲਿਆ ਸੀ। ਇਸ ਲਈ ਮੇਰੇ ਬਚਪਨ, ਜੁਆਨੀ ਤੇ ਬਾਕੀ ਦੇ ਜੀਵਨ ਨੇ ਆਪਣੇ ਨਾਨਕੇ ਪਿੰਡ ਨੂੰ ਹੀ ਅਸਲ ਪਿੰਡ ਵਾਂਗ ਮਾਣਿਆ ਹੈ। ਇਸੇ ਲਈ ਮੈਨੂੰ ਕਈ ਪ੍ਰਸ਼ਨਾਂ ਦੇ ਉਤਰ ਦੇਣ ਲਈ ਦੱਸਣਾ ਪੈਂਦਾ ਹੈ ਕਿ ਦਾਊਂ ਮੇਰਾ ਨਾਨਕਾ ਪਿੰਡ ਹੈ ਤੇ ਮੇਰਾ ਦੂਜਾ ਪਿੰਡ ਪਲਸੌਰਾ ਹੈ।

ਪਿਤਾ ਜੀ ਦਾ ਜੱਦੀ ਮਕਾਨ ਕੱਚਾ ਸੀ। ਮੈਂ ਪਿਤਾ ਜੀ ਨਾਲ ਉਸ ਮਕਾਨ ਨੂੰ ਬੜੀ ਹੈਰਾਨੀ ਨਾਲ ਵੇਖ ਰਿਹਾ ਸੀ। ਅਸੀਂ ਅੰਦਰ ਵੜੇ। ਇੱਕ ਸਤੀਰ ਥੱਲੇ ਥੰਮੀ ਦਿੱਤੀ ਹੋਈ ਸੀ। ਕਈ ਥਾਂਈਂ ਖੱਡਾਂ ਹੋ ਗਈਆਂ ਸਨ। ਕਈ ਕੰਧਾਂ ਦੇ ਲਿਓੜ ਉਤਰੇ ਹੋਏ ਸਨ। ਕਈ ਆਲੀਆਂ ਤੇ ਆਲਿਆਂ ਦੇ ਕਿੰਗਰੇ ਮੈਨੂੰ ਬੜੇ ਸੁਹਣੇ ਲੱਗੇ। ਚੁੱਲ੍ਹੇ ਵਾਲੀ ਉਹ ਥਾਂ ਮੈਨੂੰ ਬੜੀ ਪਿਆਰੀ ਲੱਗੀ ਜਿੱਥੇ ਦਾਦੀ-ਮਾਂ ਛੋਟੇ ਹੁੰਦਿਆਂ ਪਿਤਾ ਜੀ ਨੂੰ ਰੋਟੀ ਬਣਾ ਕੇ ਦੇਂਦੀ ਹੁੰਦੀ ਸੀ। ਚੁੱਲ੍ਹਾ ਭਾਵੇਂ ਕਦੋਂ ਦਾ ਠੰਢਾ ਪਿਆ ਸੀ ਪਰੰਤੂ ਮੈਨੂੰ ਉਹ ਨਿੱਘਾ ਨਿੱਘਾ ਜ਼ਰੂਰ ਲੱਗ ਰਿਹਾ ਸੀ, ਮਮਤਾ ਦੇ ਇੱਕ ਅਹਿਸਾਸ ਵਾਂਗ।

ਕਈ ਥਾਂ ਪੁਰਾਣਾ ਨਿੱਕ-ਸੁੱਕ ਪਿਆ ਸੀ। ਮੈਨੂੰ ਮਕਾਨ ਅੰਦਰੋਂ ਭੈ ਜਿਹਾ ਆ ਰਿਹਾ ਸੀ। ਕਈ ਕੰਧ-ਅਲਮਾਰੀਆਂ ਮਨੁੱਖੀ ਛੋਹ ਬਿਨਾਂ ਓਦਰੀਆਂ ਓਦਰੀਆਂ ਜਾਪ ਰਹੀਆਂ ਸਨ। ਕਮਰਿਆਂ ਦੀਆਂ ਛੱਤਾਂ ਤਾਜ਼ੀ ਹਵਾ ਲਈ ਜਿਵੇਂ ਤਰਸ ਗਈਆਂ ਹੋਣ। ਤਖ਼ਤਿਆਂ ਦੇ ਕੁੰਡਿਆਂ ਨੂੰ ਜਿਵੇਂ ਖੜਕਨਾ ਭੁੱਲ ਹੀ ਗਿਆ ਹੋਵੇ। ਦਾਣੇ ਪਾਉਣ ਵਾਲੀ ਕੱਚੀ-ਕੋਠੀ ਕਿਸੀ ਉਦਾਸ ਮਾਂ ਦੀ ਚੁੱਪ ਵਾਂਗ ਖੜੋਤੀ ਸੀ। ਮਕਾਨ ਦੀ ਹੁੱਮਸ 'ਚ ਜਿਵੇਂ ਵਿਗੋਚੇ ਦਾ ਅੱਥਰੂ ਸਹਿਕ ਰਿਹਾ ਹੋਵੇ। ਪਿਤਾ ਜੀ ਮੈਨੂੰ ਗੱਲਾਂ ਗੱਲਾਂ 'ਚ ਆਪਣੇ ਜੀਵਨ ਦੀ ਕਹਾਣੀ ਸੁਣਾ ਰਹੇ ਸਨ। ਮੇਰੇ ਅੰਦਰ ਇੱਕ ਉਤਸੁਕਤਾ ਜਾਗ ਰਹੀ ਸੀ, ਕੁਝ ਲੱਭਣ ਲਈ। ਮੈਂ ਸਾਰਾ ਕੁਝ ਤੱਕੀ ਜਾ ਰਿਹਾ ਸੀ, ਕਿਸੀ ਨੁਮਾਇਸ਼ ਵਾਂਗ।

ਮਕਾਨ ਕੱਚਾ ਜਾਂ ਪੱਕਾ, ਬਿਨਾਂ ਰਹਿੰਦਿਆਂ ਉਸ ਵਿੱਚ ਘਰ ਵਰਗੀ ਮਹਿਕ ਨਹੀਂ ਰਹਿੰਦੀ। ਜੀਆਂ ਦੇ ਵਾਸੇ ਨਾਲ ਹੀ ਘਰ ਦੀ ਹੋਂਦ ਬਣਦੀ ਹੈ ਤੇ ਰੌਣਕ ਹੁੰਦੀ ਹੈ। ਇਸ ਗੱਲ ਦਾ ਅਹਿਸਾਸ ਜਿਵੇਂ ਮੇਰੇ ਮਨ ਉੱਤੇ ਲੀਕ ਪਾ ਗਿਆ।

ਆਖ਼ਿਰ ਪਿਤਾ ਜੀ ਨੇ ਇਕ ਕੰਧ ਵਾਲੀ ਅਲਮਾਰੀ ਖੋਲ੍ਹੀ। ਉਸ ਵਿੱਚ ਕੁਝ ਉਗੜੀਆਂ-ਦੁਗੜੀਆਂ ਕਾਪੀਆਂ, ਕਿਤਾਬਾਂ, ਕਾਗਜ਼ਾਤ ਤੇ ਕੁਝ ਹੋਰ ਸਾਮਾਨ ਪਿਆ। ਸੀ। ਪਿਤਾ ਜੀ ਕੁਝ ਪਲਾਂ ਲਈ ਗੰਭੀਰ ਹੋ ਗਏ। ਮੈਂ ਵੀ ਅਲਮਾਰੀ ਕੋਲ ਜਾ ਖਲੋਤਾ। ਫੋਲਾ ਫਾਲੀ ਹੁੰਦੀ ਰਹੀ। ਪਿਤਾ ਜੀ ਦੇ ਵਿਦਿਆਰਥੀ

ਜੀਵਨ ਨਾਲ ਸੰਬੰਧਿਤ ਕਈ ਚੀਜ਼ਾਂ ਮਿਲੀਆਂ। ਇਸ ਢੂੰਡ ਭਾਲ ਵਿਚ ਹੀ ਪਿਤਾ ਜੀ ਦੀਆਂ ਦੋ ਨਕਸ਼ਿਆਂ ਦੀਆਂ ਕਾਪੀਆਂ ਹੱਥ ਲੱਗੀਆਂ। ਮਟ-ਮੈਲੀਆਂ ਤੇ ਖਾਕੀ ਜਿਹੀਆਂ, ਇਨ੍ਹਾਂ ਦੀ ਹਾਲਤ ਬਾਹਰੋਂ ਖਸਤਾ ਹੋ ਚੁੱਕੀ ਸੀ।

ਪਿਤਾ ਜੀ ਨੇ ਦੱਸਿਆ ਕਿ ਇਹ ਨਕਸ਼ੇ ਉਹਨਾਂ ਦੇ ਆਪ ਹੱਥੀਂ ਭਰੇ ਹੋਏ ਸਨ। 1919-20 ਸਮੇਂ ਦੇ, ਜਦੋਂ ਉਹ ਨੌਵੀਂ-ਦਸਵੀਂ 'ਚ ਪੜ੍ਹਦੇ ਹੁੰਦੇ ਸਨ। ਨਕਸ਼ਿਆਂ ਦੀਆਂ ਕਾਪੀਆਂ ਤੋਂ ਮੈਂ ਬਹੁਤ ਹੀ ਪ੍ਰਭਾਵਿਤ ਹੋਇਆ। ਅੰਦਰ ਅਰਧ-ਚਾਨਣ ਵਿੱਚ ਵੀ ਨਕਸ਼ਿਆਂ ਦੀ ਸੁੰਦਰਤਾ ਝਲਕਦੀ ਪਈ ਸੀ। ਪਿਤਾ ਜੀ ਤੋਂ ਉਹ ਕਾਪੀਆਂ ਮੈਂ ਆਪਣੇ ਕੋਲ ਰੱਖਣ ਲਈ ਲੈ ਲਈਆਂ।

ਆਪਣੇ ਪਿੰਡ ਆ ਕੇ ਮੈਂ ਉਹ ਕਾਪੀਆਂ ਵੇਖ-ਵੇਖ ਹੈਰਾਨ ਹੋ ਰਿਹਾ ਸੀ। ਇਨ੍ਹਾਂ ਕਾਪੀਆਂ ਤੋਂ ਅਧਿਆਪਕ ਦੀ ਕਾਬਲੀਅਤ ਅਤੇ ਵਿਦਿਆਰਥੀ (ਪਿਤਾ ਜੀ) ਦੀ ਮਿਹਨਤ, ਲਗਨ ਤੇ ਸੂਝ ਦਾ ਪ੍ਰਮਾਣ ਮਿਲਦਾ ਸੀ। ਨਕਸ਼ੇ ਬਹੁਤ ਸਾਫ਼-ਸੁਥਰੇ ਤੇ ਕਲਾਤਮਿਕ-ਢੰਗ ਨਾਲ ਭਰੇ ਹੋਏ ਸਨ। ਕਾਲੀ ਸਿਆਹੀ ਨਾਲ ਲਿਖੀ ਅੰਗਰੇਜ਼ੀ ਦੀ ਲਿਖਾਈ ਛਾਪੇਖਾਨੇ ਦੇ ਅੱਖਰਾਂ ਵਾਂਗ ਪਰੋਈ ਹੋਈ ਸੀ। ਨਕਸ਼ੇ ਵਿਸ਼ਾ-ਅਧਿਆਪਕ ਨੇ ਬਕਾਇਦਾ ਤਾਰੀਖ ਪਾ ਕੇ ਚੈੱਕ ਕੀਤੇ ਹੋਏ ਸਨ। ਰੰਗਾਂ ਦੀ ਸਾਦਗੀ ਇੱਕ ਵਿਸ਼ੇਸ਼ ਪ੍ਰਭਾਵ ਪਾਉਂਦੀ ਸੀ। ਭੂਗੋਲ ਅਤੇ ਇਤਿਹਾਸ ਨਾਲ ਸੰਬੰਧਿਤ ਭਾਰਤ, ਅਫਰੀਕਾ, ਅਮਰੀਕਾ, ਯੂਰਪ ਤੇ ਸੰਸਾਰ ਦੇ ਨਕਸ਼ੇ ਪ੍ਰਾਕ੍ਰਿਤਕ ਅਤੇ ਰਾਜਨੀਤਕ-ਵੰਡ ਦੀ ਤਸਵੀਰ ਪੇਸ਼ ਕਰਦੇ ਸਨ। ਵਿਸ਼ੇਸ਼ ਤੌਰ ਤੇ ਸਕੰਦਰ ਅਤੇ ਪੋਰਸ ਦੀ ਲੜਾਈ ਦਾ ਨਕਸ਼ਾ, ਇੰਗਲੈਂਡ ਤੋਂ ਹਿੰਦੁਸਤਾਨ ਨੂੰ ਆਉਣ ਦੇ ਰਸਤਿਆਂ ਦਾ ਨਕਸ਼ਾ ਤੇ ਅਫਰੀਕਾ ਦੀ ਵਰਖਾ-ਵੰਡ ਨਾਲ ਸੰਬੰਧਿਤ ਨਕਸ਼ਿਆਂ ਨੇ ਮੇਰੇ ਮਨ ਨੂੰ ਅਚੰਭਿਤ ਕਰ ਦਿੱਤਾ। ਮੇਰੇ ਅੰਦਰ ਨਕਸ਼ੇ ਭਰਨ ਦੀ ਇੱਕ ਤਰੰਗ ਜਾਗ ਉੱਠੀ। "ਕੀ ਮੈਂ ਅਜੇਹੇ ਨਕਸ਼ੇ ਨਹੀਂ ਭਰ ਸਕਦਾ ?" ਮੈਂ ਆਪਣੇ ਆਪ ਨੂੰ ਸਵਾਲ ਕਰਨ ਲੱਗਾ।

ਹੁਣ ਇਹ ਨਕਸ਼ੇ ਮੇਰੇ ਲਈ ਅਗਵਾਈ ਪੁਸਤਕ ਬਣ ਗਏ। ਮੈਂ ਨਕਸ਼ੇ ਭਰਨ ਦੇ ਚਾਰ ਨਿਯਮ ਲਿਖਾਈ, ਸਫ਼ਾਈ, ਭਰਾਈ ਤੇ ਦਹੁਰਾਈ ਇ੍ਹਨਾਂ ਨਕਸ਼ਿਆਂ ਤੋਂ ਹੀ ਧਾਰਨ ਕੀਤੇ। ਇ੍ਹਨਾਂ ਨਕਸ਼ਿਆਂ ਤੋਂ ਹੀ ਪ੍ਰਭਾਵਤ ਹੋ ਕੇ ਮੈਂ ਅੱਠਵੀਂ 'ਚ ਪਾਣੀ ਦੇ ਰੰਗਾਂ ਨਾਲ ਨਕਸ਼ੇ ਭਰਨ ਲਗ ਪਿਆ। ਦੱਸਵੀਂ ਤੱਕ ਮੈਂ ਨਕਸ਼ੇ ਭਰਨ ਵਿੱਚ ਅੱਵਲ ਆਉਂਦਾ ਰਿਹਾ। ਮੇਰੇ ਅੰਦਰ ਆਤਮ-ਵਿਸ਼ਵਾਸ ਹੋ ਗਿਆ। ਮੈਂ ਦੁਨੀਆਂ ਦਾ ਨਕਸ਼ਾ ਬਣਾ ਬਣਾ ਉਸਨੂੰ ਭਰਦਾ।

ਪਿਤਾ ਜੀ ਦੀਆਂ ਦੋਵੇਂ ਨਕਸ਼ੇ ਦੀਆਂ ਕਾਪੀਆਂ ਨੂੰ ਮੈਂ ਸੰਭਾਲ ਕੇ ਆਪਣੇ ਯਾਦਗਾਰੀ ਰਿਕਾਰਡ ਵਿੱਚ ਹੁਣ ਤੱਕ ਸਾਂਭ ਰੱਖਿਆ ਹੈ। ਜ਼ਿੰਦਗੀ 'ਚ ਕਈ ਵੇਰ ਕੋਈ ਚੀਜ਼ ਕਿਵੇਂ ਸਾਡੇ ਲਈ ਪ੍ਰੇਰਨਾ ਦਾ ਸ੍ਰੋਤ ਬਣ ਜਾਂਦੀ ਹੈ।

***

# ਇੱਕ ਤੀਲੀ ਦੀ ਘਟਨਾ



ਸਾਰਾ ਬਚਪਨ ਚੇਤੇ ਕਰਨਾ ਮੁਸ਼ਕਲ ਹੁੰਦਾ ਹੈ। ਬਚਪਨ ਬੀਤਿਆ ਸਮਾਂ ਹੁੰਦਾ ਹੈ। ਬੀਤੇ ਨੂੰ ਸਿਰਜਣਾ ਹੋਰ ਵੀ ਔਖਾ। ਬਚਪਨ ਕੱਚੀ ਉਮਰ ਹੁੰਦੀ ਹੈ। ਕੱਚੀ ਉਮਰ ਨੂੰ ਪੱਕੇ ਸ਼ਬਦਾਂ ਰਾਹੀਂ ਚਿਤਵਣਾ ਹੋਰ ਵੀ ਕਠਨ ਜਾਪਦਾ ਹੈ। ਇੱਥੇ ਆਪਣੀ ਬਾਲ-ਚੇਤਨਾ ਨੂੰ ਸੁਚੇਤ-ਚੇਤਨਾ ਨਾਲ ਸੁਮੇਲ ਕੇ ਪਿਛਲ-ਪੈਰੀਂ ਤੁਰਨ ਵਾਲੀ ਗੱਲ ਹੁੰਦੀ ਹੈ। ਸਿਮਰਤੀ ਸੰਭਾਲ ਕੇ ਪੱਬ ਪੁੱਟਣ ਵਾਂਗ। ਆਪਣੀ ਗੱਲ ਨੂੰ ਆਪ ਹੀ ਗਵਾਹੀ ਦੇ ਕੇ ਉਸ ਨੂੰ ਸਾਰਥਿਕ ਬਣਾਉਣਾ।

ਬਚਪਨ-ਕਥਾ ਨੂੰ ਲਿਖਣ ਦਾ ਕਾਰਜ ਰੌਚਿਕ ਜ਼ਰੂਰ ਹੁੰਦਾ ਹੈ। ਉਂਝ ਵੀ ਹਰ ਕਿਸੇ ਨੂੰ ਦੂਜੇ ਦੇ

ਬਚਪਨ ਨੂੰ ਜਾਨਣ ਦੀ ਇੱਛਾ ਵੀ ਤੀਬਰ ਹੁੰਦੀ ਹੈ। ਮਨੁੱਖ ਦੀ ਇਹ ਪ੍ਰਵਿਰਤੀ ਹੈ ਕਿ ਉਸਨੂੰ ਬੀਤਿਆ ਪਿਆਰਾ ਲੱਗਦਾ ਹੈ।

ਮੈਨੂੰ ਆਪਣੇ ਬਚਪਨ ਦੀ ਇੱਕ ਘਟਨਾ ਕਦੇ ਨਹੀਂ ਭੁੱਲੀ। ਇਸ ਘਟਨਾ ਨੂੰ ਘਰ ਦੇ ਜੀਅ ਵੀ ਕਦੇ ਕਦੇ ਦਹੁਰਾ ਲੈਂਦੇ ਹਨ।

ਇਹ ਗੱਲ 1947 ਤੋਂ ਪਹਿਲਾਂ ਦੀ ਹੈ। ਸਰਦੀਆਂ ਦੀ ਰੁੱਤ ਸੀ। ਤ੍ਰਿਕਾਲਾਂ ਪੈ ਰਹੀਆਂ ਸਨ। ਸੂਰਜ ਦੀਆਂ ਲੰਮੀਆਂ ਕਿਰਨਾਂ ਮੈਨੂੰ ਹੁਣ ਵੀ ਚੇਤੇ ਹਨ, ਚਿਲਕਵੀਆਂ, ਕਾਂਸ਼ੀ ਦੇ ਥਾਲ ਵਰਗੀਆਂ। ਮੇਰੀ ਉਮਰ ਉਦੋਂ ਪੰਜ ਕੁ ਸਾਲ ਦੀ ਸੀ। ਉਦੋਂ ਅਸੀਂ ਬਾਹਰਲੇ ਕੱਚੇ ਮਕਾਨ ਵਿੱਚ ਰਹਿੰਦੇ ਸਾਂ। ਬਾਹਰਲੇ ਘਰ ਦੇ ਵਰਾਂਡੇ ਅੱਗੇ ਛੱਪਰ ਪਾਇਆ ਹੋਇਆ ਸੀ। ਛੱਪਰ ਦੇ ਥੱਲੇ ਸਕਰੜੇ ਦੀਆਂ ਫਾਟਕੀਆਂ ਲਾਈਆਂ ਹੋਈਆ ਸਨ, ਸਰਦੀ ਤੋਂ ਬਚਣ ਲਈ। ਛੱਪਰ ਤੇ ਫਾਟਕੀਆਂ ਅਸੀਂ ਮੁਸਲਮਾਨ ਰਹਿਮਤ ਖਾਂ ਪੀਂਜੇ ਤੋਂ ਬਣਵਾਇਆ ਕਰਦੇ ਸਾਂ। ਉਸ ਦੇ ਹੱਥ ਦੀ ਬੰਨ੍ਹੀ ਸਰਕੜੇ ਦੀ ਬੱਤੀ, ਬਾਲੇ ਵਰਗੀ ਮਜ਼ਬੂਤ ਮੰਨੀ ਜਾਂਦੀ ਸੀ।

ਜਿਸ ਦਿਨ ਦੀ ਇਹ ਘਟਨਾ ਹੈ, ਉਸ ਦਿਨ ਘਰ ਵਿੱਚ ਮਾਤਾ ਜੀ ਅਤੇ ਮੈਂ ਹੀ ਸਾਂ। ਹੋਰ ਘਰ ਦੇ ਮੈਂਬਰ ਇੱਧਰ-ਉਧਰ ਗਏ ਹੋਏ ਸਨ। ਪਿਤਾ ਜੀ ਖਰੜ ਸਕੂਲ ਡਿਊਟੀ ਤੇ ਗਏ ਹੋਏ ਸੀ। ਮਾਤਾ ਜੀ ਘਰ ਦੇ ਆਹਰ 'ਚ ਰੁੱਝੇ ਹੋਏ ਸਨ। ਮੈਂ ਮਾਤਾ ਜੀ ਤੋਂ ਚਾਹ ਪੀਣ ਦੀ ਜ਼ਿੱਦ ਕਰ ਰਿਹਾ ਸੀ। ਮਾਤਾ ਜੀ ਮੈਨੂੰ ਕੁਝ ਦੇਰ ਠਹਿਰਨ ਲਈ ਕਹਿ ਰਹੇ ਸਨ। ਭਲਾਂ ਬਚਪਨ 'ਚ ਦਲੀਲ ਕੌਣ ਸੁਣਦਾ ਹੈ। ਆਪਣੀ ਮਰਜ਼ੀ ਜੋ ਪੂਰੀ ਕਰਾਉਣੀ ਹੋਈ। ਬੱਚੇ ਨੂੰ ਸਬਰ ਕਿੱਥੇ।

ਮੈਨੂੰ ਪਤਾ ਨਹੀਂ ਕੀ ਸੁੱਝੀ। ਚੁੱਲ੍ਹੇ 'ਤੇ ਕੁਝ ਧਰਿਆ ਹੋਇਆ ਸੀ। ਸਰਦੀ ਕਾਰਨ ਮੈਨੂੰ ਅੱਗ ਦਾ ਸੇਕ ਚੰਗਾ ਚੰਗਾ ਲੱਗ ਰਿਹਾ ਸੀ। ਮਾਤਾ ਜੀ ਅੰਦਰਲੇ ਕਮਰੇ 'ਚ ਸਨ। ਚੁੱਲ੍ਹਾ ਸਰਕੜੇ ਦੀ ਫਾਟਕੀ ਦੇ ਨੇੜੇ ਹੀ ਸੀ। ਮੈਂ ਛਪਰੀ 'ਚੋਂ ਇੱਕ ਤੀਲੀ ਕੱਢੀ ਤੇ ਚੁੱਲ੍ਹੇ ਦੀ ਅੱਗ ਨਾਲ ਖੇਡਣ ਲੱਗ ਪਿਆ।

ਵੱਡੇ ਹੋ ਕੇ ਮੈਨੂੰ, ਸਿਆਣਿਆਂ ਦੀ ਗੱਲ ਸਮਝ ਆਈ ਕਿ ਮਾਂਵਾਂ ਆਪਣੇ ਬੱਚਿਆਂ ਨੂੰ ਚੁਲ੍ਹੇ ਦੇ ਨੇੜੇ, ਅੱਗ ਨਾਲ ਖੇਡਣ ਤੋਂ ਕਿਉਂ ਰੋਕਦੀਆਂ ਰਹਿੰਦੀਆਂ ਹਨ। ਬੱਚੇ ਨੂੰ ਤਾਂ ਖੇਡ ਪਿਆਰੀ ਹੁੰਦੀ ਐ ਤੇ ਮਾਂਵਾਂ ਨੂੰ ਬੱਚਿਆਂ ਦਾ ਭਵਿੱਖ।

ਮੈਂ ਤੀਲੀ ਬਾਲੀ ਤੇ ਛਪਰੀ ਨੂੰ ਛੋਹ ਦਿੱਤੀ। ਅੰਦਰ ਗਈ ਮਾਂ ਨੂੰ ਹਾਕ ਮਾਰੀ, "ਦੇਖੀਂ, ਬੇਬੇ, ਮੈਂ ਆਤਿਸ਼ਬਾਜੀ ਚਲਾਈ ਐ।" ਮਾਤਾ ਜੀ ਝੱਟ ਸੁਣਦੇ ਸਾਰ ਅੰਦਰੋਂ ਭੱਜੇ ਆਏ।

ਮਾਤਾ ਜੀ ਨੇ ਮੈਨੂੰ ਉਦੋਂ ਝਿੜਕਿਆ ਕਿ ਨਹੀਂ, ਇਹ ਤਾਂ ਮੈਨੂੰ ਕੁਝ ਯਾਦ ਨਹੀਂ ਪਰ ਅੱਗ ਦੀ ਸਰੜ-ਸਰੜ ਦੀ ਆਵਾਜ਼ ਮੈਨੂੰ ਹੁਣ ਵੀ ਚੇਤੇ ਹੈ। ਅੱਗ ਲੱਗੀ ਵੇਖ ਕੇ, ਮਾਤਾ ਜੀ ਘਬਰਾ ਗਏ। ਮੈਂ ਡਰਦਾ ਬਾਹਰ ਨੂੰ ਨੱਸ ਪਿਆ। ਛੱਪਰ ਤੇ ਫਾਟਕੀਆਂ ਅੱਗ ਦੀ ਲਪੇਟ 'ਚ ਸਨ।

ਬਾਹਰ ਮਾਤਾ ਜੀ ਰੌਲਾ ਪਾ ਰਹੇ ਸਨ। ਮੈਂ ਵੀ ਅੱਗ ਲੱਗੀ ਦਾ ਰੌਲਾ ਪਾਉਣ ਲੱਗ ਪਿਆ। ਰੌਲਾ

ਸੁਣ ਕੇ ਮੇਰੀਆਂ ਭੈਣਾਂ ਵੀ ਆ ਗਈਆਂ। ਭੈਅ ਨਾਲ ਉਹਨਾਂ ਦਾ ਬੋਲ ਨਹੀਂ ਸੀ ਨਿਕਲ ਰਿਹਾ। ਕਈ ਵੇਰ ਭੈਅ ਨਾਲ ਮਨੁੱਖ ਦਾ ਅੰਦਰ ਕਿਵੇਂ ਬੋਲ-ਰਹਿਤ ਹੋ ਜਾਂਦਾ ਹੈ। ਉਦੋਂ ਨਿਰਾਰਥਿਕ-ਸ਼ਬਦ ਵੀ ਸਾਰਥਿਕ-ਸ਼ਬਦ ਸਮਝੇ ਜਾਂਦੇ ਹਨ। ਅਜੇਹੇ ਮੌਕੇ ਦੂਜੇ ਹੀ ਸਹਾਰਾ ਬਣਦੇ ਹਨ।

ਸਾਡੇ ਘਰ ਦੇ ਨੇੜੇ ਬਹੁਤੇ ਮੁਸਲਮਾਨਾਂ ਦੇ ਘਰ ਸਨ। ਰੌਲਾ ਸੁਣ ਕੇ ਫੈਜਾ ਰਾਈਂ, ਜਾਨੀ ਦਰਜੀ, ਅਹਿਮਦ ਖਾਂ, ਬਿਸਨਾ ਝਿਊਰ, ਕਰਮ ਸਿੰਘ ਤੇ ਕਿੰਨੇ ਹੀ ਹੋਰ ਲੋਕ ਨੱਠੇ ਆਏ। ਰੌਲਾ ਹੋਰ ਉੱਚਾ ਹੋ ਗਿਆ। ਸਾਰਾ ਪਿੰਡ ਹੀ ਪਾਣੀ ਦੀਆਂ ਬਾਲਟੀਆਂ ਨਾਲ ਅੱਗ ਬੁਝਾ ਰਿਹਾ ਸੀ। ਲੋਕਾਂ 'ਚ ਫੁਰਤੀ ਸੀ। ਜੋ ਕੁਝ ਵੀ ਕਿਸੇ ਤੋਂ ਹੋਇਆ, ਕੀਤਾ। ਕੁਝ ਬੰਦੇ ਕੋਠੇ ਦਾ ਬਨੇਰਾ ਢਾਅ ਰਹੇ ਸਨ ਤਾਂ ਜੋ ਅੱਗ ਅਗਲੇ ਖਣਾਂ ਤੀਕ ਨਾ ਪਹੁੰਚੇ। ਘਰ ਦਾ ਨਿੱਕ-ਸੁੱਕ ਵਿਹੜੇ 'ਚ ਧਰੂ ਲਿਆਂਦਾ ਸੀ।

ਮੈਂ ਠਠੰਬਰਿਆ ਹੋਇਆ, ਸਭ ਕੁਝ ਵੇਖ ਰਿਹਾ ਸੀ। ਮਾਤਾ ਜੀ ਦਾ ਰੋਣ ਨਿਕਲ ਰਿਹਾ ਸੀ। ਛੱਪਰ ਤੇ ਫਾਟਕੀਆਂ ਸੜ ਚੁੱਕੀਆਂ ਸਨ। ਬਾਲੇ ਤੇ ਸਤੀਰ ਕਾਲੇ ਹੋ ਗਏ ਸਨ। ਛੇਤੀ ਹੀ ਅੱਗ ਤੇ ਕਾਬੂ ਪਾ ਲਿਆ ਗਿਆ। ਅੱਗ ਭਾਵੇਂ ਬੁਝ ਜਾਵੇ ਪਰ ਕਿੰਨਾ ਚਿਰ ਉਸਦਾ ਧੂੰਆਂ ਤੇ ਸੇਕ ਰਹਿੰਦਾ ਹੀ ਹੈ।

ਸਾਡਾ ਜਾਨੀ ਨੁਕਸਾਨ ਹੋਣੋਂ ਬਚ ਗਿਆ ਸੀ। ਕੁਝ ਚੀਜ਼ਾਂ ਜ਼ਰੂਰ ਸੜ ਗਈਆਂ ਸਨ। ਵਿਹੜੇ ਵਿੱਚ ਪਾਣੀਓਂ ਪਾਣੀ ਹੋ ਗਿਆ ਸੀ। ਸਭ ਸ਼ੁਕਰ ਕਰ ਰਹੇ ਸਨ ਕਿ ਬਚਾਅ ਹੋ ਗਿਆ। ਮਾਤਾ ਜੀ ਲੋਕਾਂ ਦਾ ਲੱਖ ਲੱਖ ਸ਼ੁਕਰ ਕਰ ਰਹੇ ਸਨ ਕਿ ਬਚਾਅ ਹੋ ਗਿਆ। ਬਹੁਤ ਵੱਡਾ ਦੁਖਾਂਤ ਹੋਣੋਂ ਟਲ ਗਿਆ ਸੀ। ਮੇਰੀ ਨਿੱਕੀ ਜਿਹੀ ਤੀਲੀ ਨਾਲ ਵੱਡਾ ਕਾਰਾ ਹੋ ਗਿਆ ਸੀ। ਲੋਕੀਂ ਖ਼ਬਰਸਾਰ ਲੈ ਕੇ ਘਰਾਂ ਨੂੰ ਮੁੜ ਰਹੇ ਸਨ। ਅਣਵੰਡੇ ਪੰਜਾਬ ਦੇ ਲੋਕਾਂ ਦੀ ਆਪਸੀ ਸਾਂਝ ਤੇ ਹਰਦਰਦੀ ਨੂੰ ਭਲਾਂ ਕੌਣ ਭੁੱਲ ਸਕਦਾ ਹੈ ?

ਸੰਝ ਹੋ ਗਈ ਸੀ। ਪਿਤਾ ਜੀ ਦੇ ਆਉਣ ਦਾ ਸਮਾਂ ਵੀ ਹੋ ਗਿਆ ਸੀ। ਮੈਂ ਤੇ ਮੇਰੀ ਭੈਣ ਟੋਭੇ ਦੀ ਪਾਲ 'ਤੇ ਖੜੋ ਕੇ ਪਿਤਾ ਜੀ ਨੂੰ ਉਡੀਕ ਰਹੇ ਸਾਂ।

ਪਿਤਾ ਜੀ ਸਾਈਕਲ 'ਤੇ ਆ ਰਹੇ ਸਨ। ਭੈਣ ਨੇ ਪਿਤਾ ਜੀ ਨੂੰ ਅੱਗ ਦੀ ਗੱਲ ਦੱਸ ਦਿੱਤੀ। ਪਿਤਾ ਜੀ ਨੇ ਮੇਰੀ ਵੱਲ ਤੱਕਿਆ ਤੇ ਮੈਨੂੰ ਬਿਨਾਂ ਝਿੜਕਿਆਂ ਸਾਈਕਲ ਦੀ ਗੱਦੀ ਤੇ ਬੈਠਾ ਲਿਆ। ਭੈਣ ਸ਼ਾਇਦ ਮੈਨੂੰ ਕੁੱਟ ਪੁਆਉਣਾ ਚਾਹੁੰਦੀ ਸੀ। ਮੈਂ ਅੰਦਰੋਂ ਡਰ ਰਿਹਾ ਸੀ, ਇੱਕ ਦੋਸ਼ੀ ਵਾਂਗ।

ਘਰ ਆ ਕੇ ਪਿਤਾ ਜੀ ਨੂੰ ਸਾਰੀ ਘਟਨਾ ਦਾ ਪਤਾ ਲੱਗਿਆ। ਪਿਤਾ ਜੀ ਨੇ ਬਹੁਤ ਧੀਰਜ ਤੇ ਸਬਰ ਨਾਲ ਇਸ ਦੁਰਘਟਨਾ ਨੂੰ ਸਹਿਨ ਕੀਤਾ। ਮੈਂ ਉਹਨਾਂ ਦੀ ਗੋਦੀ ਵਿੱਚ ਭਿੱਜੀ ਹੋਈ ਬਿੱਲੀ ਵਾਂਗ ਸਭ ਕੁਝ ਸੁਣ ਰਿਹਾ ਸੀ ਤੇ ਸ਼ਰਮਿੰਦਾ ਹੋ ਰਿਹਾ ਸੀ।

ਜੀਵਨ ਦੇ ਅਮਲ 'ਚੋਂ ਨਿਕਲੇ ਮੁਹਾਵਰੇ 'ਅੱਗ ਨਾਲ ਖੇਡਣਾ' ਦੇ ਅਰਥ ਮੈਨੂੰ ਕਦੇ ਕਿਸੇ ਤੋਂ ਪੁੱਛਣੇ ਨਾ ਪਏ। ਧੁਆਂਖੇ ਬਾਲੇ ਤੇ ਸ਼ਤੀਰ ਵੇਖ ਕੇ (ਜੋ ਹੁਣ ਨਹੀਂ ਰਹੇ) ਮੈਨੂੰ ਕਿੰਨਾ ਚਿਰ, ਮਾਤਾ ਜੀ ਦੀ ਸਿੱਖਿਆ ਯਾਦ ਆਉਂਦੀ ਰਹੀ ਕਿ ਬੱਚੇ ਅੱਗ ਨਾਲ ਨਹੀਂ ਖੇਡਿਆ ਕਰਦੇ।

***

# ਨਿੱਕੀਆਂ ਚੀਜ਼ਾਂ ਦੀ ਕਦਰ





"ਨਿੱਕਿਆਂ ਤੋਂ ਹੀ ਵੱਡੇ ਹੋਈਦਾ ਹੈ। ਬੋਹੜ ਤੇ ਪਿੱਪਲ ਦਾ ਬੀਜ ਬਹੁਤ ਨਿੱਕਾ ਹੁੰਦਾ ਹੈ ਪਰੰਤੂ ਉੱਗ ਕੇ ਇੱਕ ਵੱਡਾ ਰੁੱਖ ਬਣ ਜਾਂਦਾ ਹੈ। ਨਿੱਕੇ ਬੀਜ ਵਿੱਚ ਪੂਰੇ ਰੁੱਖ ਦੀ ਕਾਇਆ ਲੁਪਤ ਹੁੰਦੀ ਹੈ।" ਪਿਤਾ ਜੀ ਦੇ ਬਚਪਨ 'ਚ ਸੁਣੇ ਇਹ ਕਥਨ ਮੈਨੂੰ ਵੱਡੇ ਹੋ ਕੇ ਪੂਰੇ ਸਮਝ ਆਉਣ ਲੱਗੇ। ਪਿਤਾ ਜੀ ਇੱਕ ਅਧਿਆਪਕ ਸਨ ਤੇ ਮੈਂ ਪੰਜਵੀਂ-ਛੇਵੀਂ ਸ਼੍ਰੇਣੀਆਂ 'ਚ ਉਹਨਾਂ ਕੋਲੋਂ ਅੰਗਰੇਜ਼ੀ ਪੜ੍ਹਿਆ ਕਰਦਾ ਸੀ। ਉਹਨਾਂ ਦੀ ਪੜ੍ਹਾਉਣ ਦੀ ਖੇਡ-ਵਿਧੀ ਬਹੁਤ ਰੌਚਿਕ ਹੁੰਦੀ ਸੀ। ਉਹ ਸਦਾ ਉਦਾਹਰਣਾਂ ਦੇ ਕੇ ਸਿੱਖਿਆ ਦਿਆ ਕਰਦੇ ਸਨ। ਅੰਗਰੇਜ਼ੀ ਦਾ ਇਕ ਨਰਸਰੀ ਗੀਤ ਪੜ੍ਹਾਉਣ ਸਮੇਂ, ਨਿੱਕੀ ਤੋਂ ਨਿੱਕੀ ਵਸਤ ਦੀ ਮਹੱਤਤਾ ਉਹ ਇਉਂ ਸਮਝਾਉਂਦੇ :-

"ਕਤਰਾ ਕਤਰਾ ਮਿਲ ਕੇ ਸਾਗਰ ਬਣ ਜਾਵੇ,
ਕਿਣਕਾ ਕਿਣਕਾ ਮਿਲ ਕੇ ਮਾਰੂਥਲ ਬਣੇ।"

ਸ਼ਾਇਦ ਛੋਟੀ ਉਮਰੇ ਮੇਰੀ ਕਲਪਨਾ ਇਸ ਖਿਆਲ ਨੂੰ ਉਤਨਾ ਨਾ ਸਮਝਦੀ ਹੋਵੇ। ਪਰੰਤੂ ਜਦੋਂ ਮੈਨੂੰ ਹੋਰ ਸੋਝੀ ਆਈ ਅਤੇ ਜਦੋਂ ਮੈਂ ਆਪ ਅਧਿਆਪਨ ਦਾ ਕਿੱਤਾ ਅਪਣਾਇਆ ਤਾਂ ਮੈਂ ਇਸ ਨਗਸਰੀ ਗੀਤ ਦੇ ਅਸਲੀ ਅਰਥ ਸਮਝਣ ਦੇ ਸਮਰੱਥ ਹੋ ਸਕਿਆ। ਨਿੱਕੀ ਉਮਰੇ ਬਾਲ-ਬੁੱਧੀ 'ਚ ਕਈ ਗੱਲਾਂ ਭਾਵੇਂ ਪੂਰੀਆਂ ਸਮਝ ਨਹੀਂ ਆਉਂਦੀਆਂ ਪਰੰਤੂ ਬਚਪਨ 'ਚ ਕੁਝ ਗੱਲਾਂ ਗ੍ਰਹਿਣ ਕੀਤੀਆਂ ਹੋਈਆਂ ਸਾਡੀ ਜ਼ਿੰਦਗੀ ਲਈ ਮੂਲ-ਆਧਾਰ ਜ਼ਰੂਰ ਬਣ ਜਾਂਦੀਆਂ ਹਨ। ਇੱਥੇ ਪਾਠਕਾਂ ਨੂੰ ਇਹ ਗੱਲ ਕਹਿਣ 'ਚ ਮੈਨੂੰ ਕੋਈ ਝਿਜਕ ਨਹੀਂ ਕਿ ਮੇਰੀ ਸੋਚ ਅਤੇ ਦ੍ਰਿਸ਼ਟੀ ਉੱਤੇ ਮੇਰੇ ਪਿਤਾ ਜੀ ਦਾ ਬਹੁਤ ਡੂੰਘਾ ਤੇ ਅਮਿੱਟ ਪ੍ਰਭਾਵ ਹੈ। ਪਿਤਾ ਜੀ ਜੋ ਕਹਿੰਦੇ ਸਨ, ਉਸ ਉੱਤੇ ਆਪ ਅਮਲ ਕਰਦੇ ਸਨ। ਚੰਗੇ ਤੇ ਸਫਲ ਅਧਿਆਪਕ ਦਾ ਇਹ ਗੁਣ ਹੋਣਾ ਜ਼ਰੂਰੀ ਹੈ ਕਿ ਕਹਿਣੀ ਤੇ ਕਰਣੀ 'ਚ ਫਰਕ ਨਾ ਰੱਖੇ। ਨਿੱਕੀਆਂ ਨਿੱਕੀਆਂ ਘਟਨਾਵਾਂ ਨਾਲ ਹੀ ਸਮੁੱਚੀ ਜ਼ਿੰਦਗੀ ਦੀ ਸਿਰਜਣਾ ਹੁੰਦੀ ਹੈ। ਪਿਤਾ ਜੀ ਨਿੱਕੀ ਚੀਜ਼ ਦੀ ਕਦਰ ਸਮਝਾਉਣ ਲਈ ਅਕਸਰ ਕਿਹਾ ਕਰਦੇ ਸਨ ਕਿ ਸਾਈਕਲ ਨਿੱਕੇ ਜਿਹੇ ਹਵਾ ਭਰਨ ਵਾਲੇ ਵਾਲ ਤੋਂ ਬਿਨਾਂ ਵਰਤਣ ਯੋਗ ਨਹੀਂ ਹੁੰਦਾ। ਟਾਇਰਾਂ 'ਚ ਜੇ ਹਵਾ ਨਹੀਂ ਹੋਵੇਗੀ ਤਾਂ ਸਾਈਕਲ ਕਿਵੇਂ ਚੱਲ ਸਕੇਗਾ। ਉਦੋਂ ਸਾਈਕਲ ਦੇ ਮਿਸਤਰੀ ਵਾਲ ਮੁਫ਼ਤ ਹੀ ਦੇ ਦਿਆ ਕਰਦੇ ਸਨ। ਪੰਜੀ ਦਸੀ ਤਾਂ ਹੁਣ ਮੁੱਲ ਪਿਆ। ਵਾਲ ਵਾਲੀ ਉਦਾਹਰਣ ਮੈਨੂੰ ਚੰਗੀ ਲਗਦੀ। ਮੈਂ ਆਪਣੀ ਛੋਟੀ ਸਾਈਕਲ ਦੇ ਦੋਵੇਂ ਵਾਲ ਕੱਢ ਕੱਢ ਵੇਖਦਾ। ਸੱਚੀ ਗੱਲ ਨੇ ਅਸਰ ਕਰਨਾ ਹੀ ਹੁੰਦਾ ਹੈ।

ਘਰ 'ਚ ਜਦੋਂ ਪਿਤਾ ਜੀ ਕੋਈ ਖਾਣ ਵਾਲੀ ਚੀਜ਼ ਲੈ ਕੇ ਆਉਂਦੇ ਤਾਂ ਪਰਿਵਾਰ 'ਚ ਸਭ ਤੋਂ ਛੋਟੇ ਬੱਚੇ ਨੂੰ ਖਾਣ ਵਾਲੀ ਚੀਜ਼ ਦੇਂਦੇ। ਕਈ ਵੇਰ ਨਿੱਕਾ ਖ਼ਰਬੂਜਾ ਜਾਂ ਨਿੱਕਾ ਅੰਬ ਛੋਟੇ ਬੱਚੇ ਨੂੰ ਹੀ ਦਿੰਦੇ। ਬੱਚੇ ਨੂੰ ਆਪਣੇ ਹਾਣ ਦੀਆਂ ਨਿੱਕੀਆਂ ਚੀਜ਼ਾਂ ਪਿਆਰੀਆਂ ਹੁੰਦੀਆਂ ਹਨ। ਵਾਰੀ ਵਾਰੀ ਸਭ ਨੂੰ ਚੀਜ਼ ਵੰਡੀ ਜਾਂਦੀ। ਛੋਟੇ ਬੱਚੇ ਨੂੰ ਇਸ ਤਰ੍ਹਾਂ ਦੀ ਮਿਲੀ ਪਹਿਲ ਨਾਲ ਖੁਸ਼ੀ ਹੁੰਦੀ। ਘਰ ਦੀ ਖੁਸ਼ੀ ਵਿੱਚ ਬਰਕਤ ਹੁੰਦੀ। ਘਰ ਚੰਗਾ ਚੰਗਾ ਲੱਗਦਾ ਤੇ ਹਰ ਇੱਕ ਦੀ ਹੋਂਦ ਵੱਡੀ ਵੱਡੀ ਲਗਦੀ।

ਪਿਤਾ ਜੀ ਕਈ ਵੇਰ ਲਫ਼ਾਫ਼ਿਆਂ ਵਿੱਚ ਘਰ ਦੇ ਸੌਦੇ ਲੈ ਕੇ ਆਉਂਦੇ। ਲਫ਼ਾਫ਼ਿਆਂ ਨੂੰ ਖੁਲ੍ਹਣ ਤੋਂ ਉਹਨਾਂ ਉੱਤੇ ਧਾਗਾ ਲਪੇਟਿਆ ਹੁੰਦਾ। ਲਫ਼ਾਫ਼ੇ 'ਚੋਂ ਚੀਜ਼ ਕੱਢ ਲਫ਼ਾਫ਼ਾ ਸੁੱਟ ਦਿੱਤਾ ਜਾਂਦਾ। ਪਰੰਤੂ ਲਿਪਟੇ ਧਾਗੇ ਨੂੰ ਉਹ ਅਜਾਈਂ ਨਾ ਜਾਣ ਦਿੰਦੇ। ਕਿਸੇ ਡੱਕੇ ਜਾਂ ਗੀਲ ਉੱਤੇ ਲਪੇਟ ਦਿੰਦੇ। ਸਾਨੂੰ ਆਖਦੇ ਇਸ ਧਾਗੇ ਨਾਲ ਸਿਊਣ ਪਰੋਣ ਦਾ ਕੰਮ ਲਿਆ ਜਾ ਸਕਦਾ ਹੈ। ਹੋਰ ਨਹੀਂ ਤਾਂ ਕਮੀਜ਼ ਦੇ ਬਟਨ ਲਾਉਣ ਦੇ ਕੰਮ ਤਾਂ ਆ ਹੀ ਜਾਵੇਗਾ। ਮੈਂ ਕਈ ਵੇਰ ਪਿਤਾ ਜੀ ਦੇ ਇਸ ਸੰਜਮ ਨੂੰ ਫਜ਼ੂਲ ਸਮਝਦਾ, ਪਰ ਵੱਡੇ ਹੋ ਕੇ ਮੈਨੂੰ ਇਹ ਗੱਲ ਚੰਗੀ ਲੱਗਣ ਲੱਗ ਪਈ। ਵਿਅਰਥ ਚੀਜ਼ ਨੂੰ ਵਰਤੋਂ 'ਚ ਲੈ ਆਉਣਾ ਵੀ ਇੱਕ ਕਲਾ ਹੈ।

ਕਈ ਵੇਰ ਸਾਡੇ ਘਰ ਗੱਡੇ ਉੱਤੇ ਅਨਾਜ ਆਉਂਦਾ। ਬੋਰੀਆਂ 'ਚੋਂ ਕੁਝ ਨਾ ਕੁਝ ਦਾਣੇ ਥੱਲੇ ਖਿੰਡ ਜਾਂਦੇ। ਕੌਲੀਆਂ ਦੇ ਕੇ ਸਾਨੂੰ ਦਾਣੇ ਚੁਗਣ ਲਈ ਕੰਮ ਲਾ ਦਿੱਤਾ ਜਾਂਦਾ। ਪਿਤਾ ਜੀ ਇੱਕ ਇੱਕ ਦਾਣੇ ਦੀ ਕਦਰ ਕਰਦੇ। ਸਾਡੇ ਸਿਆਣੇ ਇਸੇ ਕਰ ਕੇ ਦਾਣਿਆਂ ਨੂੰ ਅੰਨ-ਦੇਵਤਾ ਸਮਝ ਕੇ ਪੈਰਾਂ ਥੱਲੇ ਰੁਲਣ ਨਹੀਂ ਦਿੰਦੇ। "ਬੀਜਿਆ ਹੋਇਆ ਇੱਕ ਦਾਣਾ ਹੀ ਬੱਲੀ ਵਿੱਚ ਅਨੇਕ ਦਾਣਿਆਂ ਦਾ ਰੂਪ ਧਾਰਦਾ ਹੈ, " ਪਿਤਾ ਜੀ ਸਮਝਾਉਂਦੇ। ਜਿਹੜਾ ਵੱਧ ਦਾਣੇ ਚੁਗਦਾ, ਉਸ ਨੂੰ ਸ਼ਾਬਾਸ਼ ਮਿਲਦੀ। ਖੇਡ ਖੇਡ ਵਿਚ ਦਾਣੇ ਚੁਗੇ ਜਾਂਦੇ। ਦਾਣਾ ਦਾਣਾ ਰਲ ਕੇ ਹੀ ਤਾਂ ਇੱਕ ਵੱਡਾ ਬੋਹਲ ਬਣਦਾ ਹੈ। ਬੋਹਲ ਦੀ ਹੋਂਦ ਇੱਕ ਇੱਕ ਦਾਣੇ ਨਾਲ ਹੀ ਬਣਦੀ ਹੈ।

ਜਦੋਂ ਕਦੇ ਤੂੜੀ ਦੀਆਂ ਪੰਡਾਂ ਗੱਡੇ ਉੱਤੇ ਆਉਂਦੀਆਂ ਤਾਂ ਉਤਾਰਨ ਵੇਲੇ ਕੁਝ ਨਾਲ ਕੁਝ ਤੂੜੀ ਧਰਤੀ 'ਤੇ ਖਿੰਡ ਜਾਂਦੀ। ਪਿਤਾ ਜੀ ਸਾਨੂੰ ਛੋਟੀਆਂ ਟੋਕਰੀਆਂ ਦੇ ਦੇਂਦੇ। ਅਸੀਂ ਨਿੱਕੇ ਨਿੱਕੇ, ਨਿੱਕੀਆਂ ਨਿੱਕੀਆਂ ਟੋਕਰੀਆਂ 'ਚ ਤੂੜੀ ਇਕੱਠੀ ਕਰ ਲੈਂਦੇ। ਸਾਨੂੰ ਥਾਪੀ ਦਿੱਤੀ ਜਾਂਦੀ। ਇਨਾਮ ਵੱਜੋਂ ਸਾਨੂੰ ਖਾਲੀ ਹੋਏ ਗੱਡੇ ਉੱਤੇ ਝਾਂਟੀ ਮਿਲਦੀ। ਅਸੀਂ ਖੁਸ਼ ਹੁੰਦੇ। ਤੂੜੀ ਇਕੱਠੀ ਕਰਨ ਦਾ ਕੰਮ ਸਾਡੀ ਖੇਡ ਬਣ ਜਾਂਦਾ ਇਹ ਤੂੜੀ ਹੋਰ ਨਹੀਂ ਤਾਂ ਗਾਰੇ ਵਿੱਚ ਮਲਣ ਦੇ ਕੰਮ ਹੀ ਆ ਜਾਂਦੀ।

ਕਈ ਵੇਰ ਮਕਾਨ ਠੀਕ ਕਰਾਉਣ ਲਈ ਰਾਜ ਲਾਇਆ ਜਾਂਦਾ। ਰਾਜ (ਮਿਸਤਰੀ) ਇੱਟਾਂ ਦੀ ਚਣਾਈ ਕਰਦਾ। ਪਿਤਾ ਜੀ ਨਾਲ ਦੀ ਨਾਲ ਰੋੜੇ (ਅੱਧੀ ਇੱਟ) ਅਤੇ ਡੇਲੀਆਂ (ਇੱਟ ਦਾ ਚੌਥਾ ਕੁ ਹਿੱਸਾ) ਨੂੰ ਚਣਾਈ ਵਿੱਚ ਵਰਤਣ ਲਈ ਮਿਸਤਰੀ ਨੂੰ ਸੁਚੇਤ ਕਰਦੇ। ਪੂਰੀ ਇੱਟ ਕਿਉਂ ਭੰਨੀ ਜਾਂ ਤੋੜੀ ਜਾਵੇ ਜਦੋਂ ਛੋਟੇ ਹਿੱਸੇ ਪਏ ਹੋਣ। ਇੱਟ ਨਾਲੋਂ ਡੇਲੀ ਦੀ ਕਦਰ ਵੱਧ ਹੁੰਦੀ ਤੇ ਮੈਂ ਚਾਅ ਨਾਲ ਅੱਧਾ ਜਾਂ ਡੇਲੀ ਲਭਦਾ ਰਹਿੰਦਾ। ਜਿਥੇ ਛੋਟੀ ਚੀਜ਼ ਦੀ ਲੋੜ ਹੈ, ਉਥੇ ਉਸ ਤੋਂ ਹੀ ਕੰਮ ਸਾਰਨਾ ਚਾਹੀਦਾ ਹੈ। ਇਸ ਤਰ੍ਹਾਂ ਨਿੱਕੀ ਤੋਂ ਨਿੱਕੀ ਚੀਜ਼ ਦੀ ਕਦਰ ਕਰਨੀ ਆਉਂਦੀ ਹੈ।

ਪੈਨਸਿਲਾਂ ਨਾਲ ਕੰਮ ਕਰਦੇ ਕਰਦੇ ਸਾਡੀਆਂ ਪੈਨਸਿਲਾਂ ਨਿੱਕੀਆਂ ਹੋ ਜਾਂਦੀਆਂ। ਦੋ ਤਿੰਨ ਉਂਗਲ ਲੰਮੀ ਪੈਨਸਿਲ ਨੂੰ ਅਸੀਂ ਨਕਾਰਾ ਸਮਝਣ ਲਗਦੇ; ਪਰ ਪਿਤਾ ਜੀ ਕਹਿੰਦੇ ਕਿ ਛੋਟੀ ਹੋਈ ਪੈਨਸਿਲ ਆਪਣੀ ਜੁਮੈਟ੍ਰੀ-ਬਕਸ ਦੀ ਪ੍ਰਕਾਰ ਵਿੱਚ ਪਾ ਲਵੋ ਤੇ ਵੱਡੀ ਪੈਨਸਿਲ ਨਾਲ ਆਪਣਾ ਹੋਰ ਕੰਮ ਕਰ ਲਵੋ। ਪ੍ਰਕਾਰ ਵਿਚ ਛੋਟੀ ਪੈਨਸਿਲ ਨਾਲ ਕੰਮ ਕਰਨਾ ਸੌਖਾ ਹੋ ਜਾਂਦਾ। ਮੈਨੂੰ ਹੁਣ ਵੀ ਛੋਟੀ ਪੈਨਸਿਲ ਦੀ ਉਹ ਕਹਾਣੀ ਆਪਣੇ ਪਿਤਾ ਜੀ ਦੀ ਸਿੱਖਿਆ ਵਰਗੀ ਹੀ ਲਗਦੀ ਹੈ ਜਦੋਂ ਮਹਾਤਮਾ ਗਾਂਧੀ ਨੇ ਇੱਕ ਛੋਟੀ ਪੈਨਸਿਲ ਗੁਆਚ ਜਾਣ ਉੱਤੇ ਆਸ਼ਰਮ ਦੇ ਮੈਂਬਰਾਂ ਨੂੰ ਢੂੰਡਣ ਲਾ ਦਿੱਤਾ ਸੀ।

ਛੋਟੇ ਹੁੰਦਿਆਂ ਸਾਨੂੰ ਭੈਣ ਭਰਾਵਾਂ ਨੂੰ ਪਿਤਾ ਜੀ ਖੂਹ 'ਤੇ ਨਹਾਉਂਦੇ। ਸਾਬਣ ਮਲ-ਮਲ ਸਾਡੀਆਂ ਲੱਤਾਂ 'ਤੇ ਚਿੱਟੀਆਂ ਜਰਾਬਾਂ ਵਰਗੀ ਝੱਗ ਕਰ ਦੇਂਦੇ। ਆਮ ਤੌਰ ਤੇ ਬੱਚੇ ਨਹਾਉਣ ਵੇਲੇ ਰੋਣ ਲੱਗ ਪੈਂਦੇ ਹਨ ਪਰੰਤੂ ਪਿਤਾ ਜੀ ਸਾਡੀ ਵਾਰੀ ਬੰਨ੍ਹ-ਬੰਨ੍ਹ ਨਹਾਉਂਦੇ। ਸਾਬਣ ਦੀ ਟਿੱਕੀ ਘਸ ਜਾਂਦੀ। ਘਸੀ ਹੋਈ

ਟਿੱਕੀ ਨੂੰ ਨਕਾਰਾ ਨਾ ਸਮਝਦੇ ਸਗੋਂ ਵੱਡੀ ਨਵੀਂ ਟਿੱਕੀ ਉੱਤੇ ਜੜ ਦਿੰਦੇ। ਨਿੱਕੀ ਵਸਤ ਦਾ ਪੂਰਾ ਲਾਭ ਲੈਣਾ ਵੀ ਇੱਕ ਸਿਆਣਪ ਹੈ, ਇਹ ਕੰਜੂਸੀ ਨਹੀਂ। ਥੋੜ੍ਹੇ ਸਾਧਨਾਂ ਨਾਲ ਜਿਊਣਾ ਵੀ ਇੱਕ ਕਲਾ ਹੈ। ਚੀਜ਼ਾਂ ਨੂੰ ਅਜਾਈਂ ਸੁੱਟਣਾ ਅਕਲਮੰਦੀ ਨਹੀਂ।

ਸੀਖਾਂ ਨਾਲ ਤੀਲਾਂ ਦੀ ਡੱਬੀ ਭਰੀ ਹੁੰਦੀ ਹੈ ਪਰੰਤੂ ਚਾਨਣ ਕਰਨ ਲਈ ਕੇਵਲ ਇੱਕੋ ਸੀਖ (ਤੀਲੀ) ਲੋੜੀਂਦੀ ਹੈ। ਡੱਬੀ 'ਚੋਂ ਸਾਰੀਆਂ ਸੀਖਾਂ ਮੁੱਕਣ ਤੋਂ ਪਹਿਲਾਂ, ਰਹਿੰਦੀ ਇੱਕ ਸੀਖ ਵੀ ਪੂਰੀ ਡੱਬੀ ਜਿੰਨੀ ਮਹੱਤਰਤਾ ਰੱਖਦੀ ਹੈ ਕਿਉਂਕਿ ਉਸ ਨਾਲ ਕਿੰਨੇ ਹੀ ਹੋਰ ਦੀਵੇ ਬਾਲੇ ਜਾ ਸਕਦੇ ਹਨ। ਨੜਿਨਵੇਂ ਪੈਸਿਆਂ 'ਚ ਇੱਕ ਪੈਸਾ ਘੱਟ ਹੋਣ ਕਾਰਨ ਇੱਕ ਰੁਪਿਆ ਪੂਰਾ ਨਹੀਂ ਬਣਦਾ। ਰੁਪਏ ਦਾ ਸਬੂਤ ਉਦੋਂ ਹੀ ਬਣਦਾ ਹੈ ਜਦੋਂ ਉਹ ਇੱਕ ਪੈਸਾ ਨੜਿਨਵਿਆਂ 'ਚ ਜਮਾਂ ਹੁੰਦਾ ਹੈ। ਪੈਸੇ ਦੀ ਕਦਰ ਕਰਨ ਨਾਲ ਵੱਡੀ ਰਕਮ ਦੀ ਸੰਭਾਲ ਬਣਦੀ ਹੈ।

ਬਿਜਲੀ ਦੀ ਰੌਸ਼ਨੀ ਨਾਲ ਘਰ ਜਗ-ਮਗ ਕਰ ਉੱਠਦਾ ਹੈ ਪਰੰਤੂ ਇਸ ਰੌਸ਼ਨੀ ਕਰਨ ਲਈ ਨਿੱਕੀ ਜਿਹੀ ਤਾਰ ਫ਼ਿਊਜ਼ ਦਾ ਠੀਕ ਹੋਣਾ ਬਹੁਤ ਜ਼ਰੂਰੀ ਹੈ। ਕਿੰਨੇ ਹੀ ਕੀਮਤੀ ਬਲਬ ਜਾਂ ਟਿਊਬਾਂ ਲੱਗੀਆਂ ਹੋਣ ਜੇ ਫਿਊਜ਼ ਦੀ ਤਾਰ ਸੜ ਜਾਵੇ ਜਾਂ ਲਾਈ ਨਾ ਹੋਵੇ ਤਾਂ ਬਿਜਲੀ ਕਿਵੇਂ ਜਗਮਗਾ ਸਕਦੀ ਹੈ। ਇਹ ਨਿੱਕੀ ਜਿਹੀ ਤਾਰ ਰੌਸ਼ਨੀ ਕਰਨ ਲਈ ਸਾਧਨ ਬਣਦੀ ਹੈ। ਅਸਲ ਵਿੱਚ ਜੇ ਅਸੀਂ ਨਿੱਕੀ ਤੋਂ ਨਿੱਕੀ ਚੀਜ਼ ਦੀ ਕਦਰ ਕਰਨੀ ਸਿਖਾਂਗੇ ਤਦੇ ਕਿਸੇ ਵੱਡੀ ਮੁਹਿੰਮ ਨੂੰ ਫਤਹਿ ਕਰ ਸਕਾਂਗੇ। ਇੱਕ ਨਿੱਕਾ ਪੁੱਟਿਆ ਕਦਮ ਹੀ ਮੰਜ਼ਿਲ ਨੂੰ ਤਹਿ ਕਰਨ ਲਈ ਆਰੰਭ ਦਾ ਪ੍ਰਤੀਕ ਹੁੰਦਾ ਹੈ। ਹਨੇਰੀ ਰਾਤ 'ਚ ਟਿਮਟਿਮਾਉਂਦੇ ਨਿੱਕੇ-ਨਿੱਕੇ ਤਾਰੇ ਅਕਾਸ਼ ਦੀ ਸੁੰਦਰਤਾ ਬਣਾਉਂਦੇ ਹਨ। ਕਈ ਵੇਰ ਨਿੱਕੀ ਜਿਹੀ ਗੱਲ ਸਾਡੀ ਸਿਮਰਤੀ 'ਚੋਂ ਵਿਸਰਦੀ ਨਹੀਂ ਤੇ ਹੋਰ ਬਹੁਤ ਕੁਝ ਵਾਪਰਿਆ ਭੁੱਲ ਜਾਈਦਾ ਹੈ। ਮੁਹਾਵਰਾ ਹੈ : ਨਿੱਕਾ ਮੂੰਹ ਵੱਡੀ ਗੱਲ। ਨਿੱਕੀ ਜਿਹੀ ਕੀਤੀ ਚੋਰੀ ਆਦਤ ਬਣਨ ਨਾਲ ਡਾਕੂ ਬਣਾ ਸਕਦੀ ਹੈ ਪਰੰਤੂ ਰੋਕਣ ਨਾਲ ਮਨੁੱਖ ਸਾਊ ਬਣ ਸਕਦਾ ਹੈ। ਮਨੁੱਖ ਦੀ ਸ਼ਖ਼ਸੀਅਤ ਨਿੱਕੀਆਂ-ਨਿੱਕੀਆਂ ਘਟਨਾਵਾਂ ਦਾ ਹੀ ਮੁਜੱਸਮਾ ਹੁੰਦੀ ਹੈ। ਫਿਰ ਨਿੱਕੀਆਂ ਚੀਜ਼ਾਂ ਦੀ ਕਦਰ ਕਰਨੀ ਕਿਉਂ ਨਾ ਸਿੱਖੀਏ।

ਵਿਗਿਆਨੀਆਂ ਨੇ ਇਸ ਬ੍ਰਹਿਮੰਡ 'ਚ ਸਭ ਤੋਂ ਨਿੱਕੇ ਅਣੂ (ਐਟਮ) ਦੀ ਖੋਜ ਕਰਕੇ ਇਸ ਦੀ ਮਹੱਤਤਾ ਨੂੰ ਅਲੌਕਿਕ ਹੋਂਦ ਕਰ ਵਿਖਾਇਆ ਹੈ। ਇਸ ਦੀ ਅਥਾਹ ਸ਼ਕਤੀ ਰਾਹੀਂ ਹੀ ਪਦਾਰਥ ਦੀ ਵੱਡੀ ਹੋਂਦ ਦਾ ਪਸਾਰਾ ਹੋ ਸਕਦਾ ਹੈ। ਸਾਡੇ ਲਹੂ ਦੇ ਇੱਕ ਤੁਪਕੇ 'ਚ ਸਾਡੇ ਜੀਵਨ ਜਿਊਣ ਲਈ ਅਤੇ ਸਰੀਰਕ ਸ਼ਕਤੀ ਲਈ ਧੜਕਨਾਂ ਤੇ ਤਰੰਗਾਂ ਦਾ ਭੰਡਾਰ ਸਮੋਇਆ ਹੁੰਦਾ ਹੈ। ਇੱਕ ਨਿੱਕਾ ਤੁਪਕਾ ਜੀਵਨ ਵਰਦਾਨ ਦਾ ਕੰਮ ਕਰਦਾ ਹੈ। ਅੱਗ ਦੇ ਨਿੱਕੇ ਅੰਗਿਆਰ ਨਾਲ ਭਾਂਬੜ ਬਾਲੇ ਜਾ ਸਕਦੇ ਹਨ। ਵੇਖਿਆ ਜਾਵੇ ਉਸ ਅੰਗਿਆਰ ਵਿੱਚ ਭਾਂਬੜ ਬਣਨ ਦੀ ਸ਼ਕਤੀ ਲੁਕੀ ਹੁੰਦੀ ਹੈ।

ਸਿਆਣੇ ਕਹਿੰਦੇ ਨੇ ਕਿ ਇੱਕ ਸੂਝਵਾਨ ਸੁਆਣੀ ਸੂਈ ਦੇ ਨਾਲ ਘਰ ਬੰਨ੍ਹ ਲੈਂਦੀ ਹੈ। ਥੋੜ੍ਹਾ ਥੋੜ੍ਹਾ

ਜੋੜ ਕੇ ਵੱਡੀ ਰਕਮ ਬਣਾ ਲੈਂਦੀ ਹੈ। ਇੱਕ-ਇੱਕ ਤੋਪੇ ਨਾਲ ਫੁਲਕਾਰੀ ਦੀ ਕਢਾਈ ਕੱਢੀ ਜਾਂਦੀ ਹੈ। ਫੁਲਕਾਰੀ ਦੀ ਸੁੰਦਰਤਾ 'ਚ ਤੋਪੇ ਦਾ ਵੱਡਾ ਹੱਥ ਹੁੰਦਾ ਹੈ। ਇੱਕ-ਇੱਕ (ਘਰ) ਸਲਾਈ ਦੇ ਨਾਲ ਉਣਿਆਂ ਹੀ ਸਵਾਟਰ, ਕੋਟੀ ਜਾਂ ਕੋਈ ਹੋਰ ਵਸਤਰ ਦਾ ਰੂਪ ਧਾਰਦਾ ਹੈ। ਇੱਕ ਕੁੰਡਾ ਉਧੜ ਜਾਵੇ ਤਾਂ ਸਮੁੱਚੇ ਵਸਤਰ ਦੀ ਸਜਾਵਟ ਵਿਗੜ ਜਾਂਦੀ ਹੈ। ਨਿੱਕੀਆਂ-ਨਿੱਕੀਆਂ ਇੱਟਾਂ ਮਿਲ ਕੇ ਕੰਧ ਉਸਦਰੀ ਹੈ ਅਤੇ ਕੰਧਾਂ ਵੱਡੀਆਂ-ਵੱਡੀਆਂ ਇਮਾਰਤਾਂ, ਮਹਿਲ ਅਤੇ ਭਵਨਾਂ ਦੀ ਦਿੱਖ ਬਣਦੀਆਂ ਹਨ। ਇਕ ਨਿੱਕੀ ਇੱਟ ਉਖੜਨ ਨਾਲ ਹੌਲੀ ਹੌਲੀ ਵੱਡੀਆਂ ਇਮਾਰਤਾਂ ਜਾਂ ਕਿਲ੍ਹੇ ਸਮਾਂ ਪਾ ਕੇ ਢਹਿ-ਢਹਿ ਕੇ ਢੱਠ ਜਾਂਦੇ ਹਨ। ਲਿਖਦੇ ਲਿਖਦੇ ਜੇਕਰ ਤੁਹਾਡੇ ਪੈੱਨ ਦੀ ਨਿਬ ਜਾਂ ਪੁਆਇੰਟ ਟੁੱਟ ਜਾਵੇ ਤਾਂ ਤੁਹਾਡਾ ਕੀਮਤੀ ਪੈੱਨ ਵਰਤੋਂ ਕਰਨ ਯੋਗ ਨਹੀਂ ਰਹਿੰਦਾ। ਨਿਬ ਜਾਂ ਪੁਆਇੰਟ ਦਾ ਨਿੱਕਾ ਸਿਰਾ ਤੁਹਾਡੀ ਲੇਖਣੀ ਦੀ ਪ੍ਰਕਿਰਿਆ 'ਚ ਸਭ ਤੋਂ ਵੱਧ ਸਹਾਈ ਹੁੰਦਾ ਹੈ। ਸਿਆਹੀ ਦੇ ਇੱਕ ਤੁਪਕੇ ਨਾਲ ਤੁਸੀਂ ਕਿੰਨੇ ਹੀ ਸ਼ਬਦਾਂ ਨੂੰ ਲਿਖ ਸਕਦੇ ਹੋ ਅਤੇ ਇੱਕ ਤੁਪਕੇ ਦੀ ਘਾਟ ਕਾਰਨ ਤੁਹਾਡੀ ਰਚਨਾ ਅਧੂਰੀ ਰਹਿ ਸਕਦੀ ਹੈ।

ਦੇਸ ਦੀ ਆਰਥਿਕ ਉਸਾਰੀ ਵਿੱਚ ਛੋਟੀਆਂ ਬੱਚਤਾਂ ਦੀ ਰਾਸ਼ੀ ਦਾ ਉਤਨਾ ਹੀ ਮਹੱਤਵ ਹੈ ਜਿੰਨਾ ਕਿ ਵੱਡੀਆਂ ਰਕਮਾਂ ਦਾ। ਨਿੱਕੀਆਂ-ਨਿੱਕੀਆਂ ਯੋਜਨਾਵਾਂ ਨਾਲ ਦੇਸ ਦੀ ਸਮੁੱਚੀ ਉਸਾਰੀ ਕੀਤੀ ਜਾ ਸਕਦੀ ਹੈ ਜਿਸ ਨਾਲ ਵੱਧ ਤੋਂ ਵੱਧ ਦੇਸ ਵਾਸੀਆਂ ਨੂੰ ਲਾਭ ਅਤੇ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਦੀਆਂ ਹਨ। ਇਹ ਮੰਨਣਾ ਪਵੇਗਾ ਕਿ ਸਾਡੀ ਜ਼ਿੰਦਗੀ ਵਿੱਚ ਨਿੱਕੀਆਂ-ਨਿੱਕੀਆਂ ਚੀਜ਼ਾਂ ਦੀ ਬਹੁਤ ਮਹੱਤਤਾ ਹੈ।

***

# ਬਚਪਨ ਨੇ ਜੋ ਡਿੱਠਾ ਸੁਣਿਆ




ਮੈਂ ਜਦੋਂ ਵੀ ਆਪਣੇ ਬਚਪਨ ਦੀਆਂ ਕੁਝ ਯਾਦਾਂ ਚੇਤੇ ਕਰਦਾ ਹਾਂ ਤਾਂ ਉਹ ਅੱਖੀਂ ਡਿੱਠੀ ਤੇ ਕੰਨੀ ਸੁਣੀ ਘਟਨਾ ਭੁਲਾਈ ਨਹੀਂ ਜਾਂਦੀ। ਗੱਲ 1947 ਦੀ ਹੈ। ਸ਼ਾਇਦ ਉਸ ਦਿਨ ਐਤਵਾਰ ਸੀ। ਆਮ ਐਤਵਾਰ ਵਾਂਗ ਅਸੀਂ ਆਪਣੇ ਪਿਤਾ ਜੀ ਨਾਲ ਪਿੰਡ ਦੇ ਖੂਹ 'ਤੇ ਕਪੜੇ ਧੋਣ ਹੀ ਲੱਗੇ ਸਾਂ ਕਿ ਖੌਫ਼ਨਾਕ ਖ਼ਬਰ ਫੈਲ ਗਈ।

'ਹੱਲੇ ਪੈ ਗਏ। ਹੱਲੇ ਪੈ ਗਏ।'

ਉਦੋਂ ਮੇਰੀ ਉਮਰ ਛੇ ਕੁ ਸਾਲ ਸੀ। ਪੰਜਾਬ ਦੀ ਵੰਡ ਜਾਂ ਪਾਕਿਸਤਾਨ ਬਣਨ ਦੀ ਗੱਲ ਮੈਨੂੰ ਕੀ ਸਮਝ ਆਉਣੀ ਸੀ। 'ਹੱਲੇ' ਸ਼ਬਦ ਨੇ ਸਾਰੇ ਪਿੰਡ ਵਿੱਚ ਹਲਚਲ ਮਚਾ ਦਿੱਤੀ। ਚਬੱਚਾ ਪਾਣੀ ਦਾ ਭਰਿਆ ਹੋਇਆ ਸੀ ਤੇ ਅਸੀਂ ਕੁਝ ਕਪੜੇ ਅਜੇ ਗਿੱਲੇ ਹੀ ਕੀਤੇ ਸਨ ਕਿ ਸਾਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ।

ਖੂਹ ਦੇ ਨਾਲ ਲਗਦੇ ਘਰ ਮੁਸਲਮਾਨਾਂ ਦੇ ਸਨ। ਚਬੱਚੇ 'ਚੋਂ ਨੁਚੜਦੇ ਕਪੜੇ ਇਕੱਠੇ ਕਰ, ਅਸੀਂ ਘਰ ਨੂੰ ਭੱਜਣ ਦੀ ਕੀਤੀ। ਮੈਂ ਚਬੱਚੇ 'ਚੋਂ ਪਿੱਤਲ ਦੀ ਗੜਬੀ ਸਾਂਭ ਕੇ ਪਿਤਾ ਜੀ ਦੇ ਪਿੱਛੇ-ਪਿੱਛੇ ਹੋ ਤੁਰਿਆ। ਉਦੋਂ ਮੇਰੇ ਲਈ ਗੜਬੀ ਹੀ ਇੱਕ ਜ਼ਰੂਰੀ ਵਸਤ ਸੀ।

ਹੁਣ ਜਦੋਂ ਕਦੇ ਵੀ ਉਹ ਦਿਨ ਯਾਦ ਆਉਂਦਾ ਹੈ ਤਾਂ ਸੋਚੀਦਾ ਹੈ ਕਿ ਆਪਣੇ ਪਿੰਡ ਨੂੰ ਛੱਡ ਕੇ ਜਾਣਾ ਕਿੰਨਾ ਔਖਾ ਹੁੰਦਾ ਹੈ। ਜਨਮ-ਭੂਮੀ ਦਾ ਮੋਹ ਆਪਣੀ ਮਾਂ ਦੀ ਗੋਦ ਵਰਗਾ ਹੁੰਦਾ ਹੈ। ਅਸੀਂ ਤਾਂ ਗੜਬੀ ਤੇ ਕਪੜੇ ਵੀ ਸਾਂਭ ਲਏ ਸਨ ਪਰ ਧੰਨ ਉਹਨਾਂ ਲੋਕਾਂ ਦਾ ਜੇਰਾ, ਜਿਹੜੇ ਆਪਣੀ ਜਾਨ ਤੋਂ ਸਵਾਏ, ਆਪਣੀ ਹੋਰ ਕੋਈ ਵੀ ਚੀਜ਼ ਨਹੀਂ ਸੀ ਚੁੱਕ ਸਕੇ।

ਉਹਨਾਂ ਅਣਧੋਤੇ ਗਿੱਲੇ ਕਪੜਿਆਂ ਦੇ ਨੁਚੜਦੇ ਪਾਣੀ ਵਾਂਗ ਵੰਡੇ ਪੰਜਾਬ ਦੀ ਪੀੜ ਦੇ ਅੱਥਰੂ ਅਜੇ ਵੀ ਸੁੱਕੇ ਨਹੀਂ। ਭਾਵੇਂ ਡੂੰਘਾ ਜ਼ਖ਼ਮ ਭਰ ਜਾਵੇ ਪਰੰਤੂ ਉਸਦਾ ਨਿਸ਼ਾਨ ਮਿਟਦਾ ਨਹੀਂ।

ਸਭ ਨੂੰ ਨੱਠ ਭੱਜ ਪੈ ਗਈ। ਪਿੰਡ ਦੇ ਲੋਕ ਕੋਠਿਆਂ 'ਤੇ ਚੜ੍ਹ ਗਏ। ਤਰ੍ਹਾਂ-ਤਰ੍ਹਾਂ ਦੀਆਂ ਖ਼ਬਰਾਂ ਫੈਲ ਰਹੀਆਂ ਸਨ।

"ਪਿੰਡ ਫੂਕ ਤੇ। ਫਤੀਆ ਆ ਗਿਆ, ਤਿਆਰ ਰਹੋ। ਕਤਲੇਆਮ ਹੋ ਰਿਹਾ। ਫਲਾਣੀ ਥਾਂ ਇੰਨੇ ਮਾਰ ਤੇ....।"

ਅਸੀਂ ਆਪਣੇ ਬਾਹਰਲੇ ਪਿੱਪਲ ਵਾਲੇ ਘਰ ਤੋਂ ਅੰਦਰਲੇ ਮਕਾਨ 'ਚ ਆ ਗਏ। ਮਾਤਾ ਜੀ ਬਹੁਤ ਵਿਆਕੁਲ ਹੋ ਰਹੇ ਸਨ।

'ਤੁਹਾਨੂੰ ਤਾਂ ਕੰਮ ਪਿਆਰਾ," ਮਾਤਾ ਜੀ ਮੇਰੇ ਪਿਤਾ ਜੀ ਨੂੰ ਉੱਚੀ-ਉੱਚੀ ਬੋਲ ਰਹੇ ਸਨ।

ਘਰਬਾਹਟ ਨਾਲ ਹਰ ਕੋਈ ਸਹਿਮਿਆ ਹੋਇਆ ਸੀ।

ਸਾਡਾ ਬਾਹਰਲਾ ਮਕਾਨ, ਮੁਸਲਮਾਨਾਂ ਦੇ ਘਰਾਂ ਦੇ ਨੇੜੇ ਹੁੰਦਾ ਸੀ। ਮੈਂ ਖੇਡਦਾ-ਖੇਡਦਾ 'ਮਿੱਤੇ' (ਗੁਆਂਢੀ ਮੁਸਲਮਾਨ) ਦੇ ਘਰੀਂ ਜਾ ਵੜਦਾ। ਉਸਦਾ ਛੋਟਾ ਲੜਕਾ 'ਘੁੱਦਾ' ਮੇਰਾ ਆੜੀ ਹੁੰਦਾ ਸੀ। ਪਿੱਪਲ ਦੇ ਪੱਤਿਆਂ ਦੀ ਰੇਲ ਬਣਾ ਅਸੀਂ ਖੇਡਿਆ ਕਰਦੇ। ਉਹ ਸਾਡੇ ਘਰ ਲੁਕਣਮੀਚੀ ਖੇਡਣ ਆ ਜਾਂਦਾ। ਘੁੱਦੇ ਦੀ ਅੰਮੀਂ ਸਾਨੂੰ ਕੌਲੀਆਂ ਵਿੱਚ ਦੇਸੀ ਘੀ ਨਾਲ ਬਣਾਏ ਮਿੱਠੇ ਚਾਵਲ ਖਾਣ ਨੂੰ ਦੇ ਦਿੰਦੀ। ਸਾਡੇ ਘਰ ਘੁਦਾ ਕੜਾਹ-ਪ੍ਰਸਾਦ ਖਾਣ ਆ ਜਾਂਦਾ। ਕਦੇ-ਕਦੇ ਅਸੀਂ ਲੜ ਵੀ ਪੈਂਦੇ ਪਰੰਤੂ ਸਾਡੇ ਘਰਾਂ ਦੀ ਗੂੜ੍ਹੀ ਸਾਂਝ ਉਵੇਂ ਹੀ ਰਹਿੰਦੀ। ਘੁੱਦੇ ਦੀਆਂ ਭੈਣਾਂ ਮੇਰੀਆਂ ਭੈਣਾਂ ਨਾਲ ਖੇਡਦੀਆਂ

ਰਹਿੰਦੀਆਂ। ਪਿੱਪਲ ਥੱਲੇ ਰੌਣਕ ਲੱਗੀ ਰਹਿੰਦੀ। ਅਪਣੱਤ ਦੀਆਂ ਤੰਦਾਂ ਅਣਵੰਡੀਆਂ ਸਨ।

ਉਸ ਦਿਨ ਅਸੀਂ ਸਾਰੇ ਗਲੀ ਵਾਲੇ, ਬਸਾਖੀ ਤਰਖਾਣ ਦੇ ਕੱਚੇ ਚੁਬਾਰੇ ਵਿੱਚ ਇਕੱਠੇ ਹੋ ਗਏ। ਕਿੰਨੇ ਵਰ੍ਹੇ ਬੀਤ ਗਏ ਹਨ। ਨਾ ਬਸਾਖੀ ਤਰਖਾਣ ਰਿਹਾ ਅਤੇ ਨਾ ਉਸਦਾ ਚੁਬਾਰਾ। ਪਰੰਤੂ ਉਸ ਦਿਨ ਚੁਬਾਰੇ 'ਚ ਲਈ ਪਨਾਹ ਕਿੰਨਾ ਚਿਰ ਲੋਕਾਂ ਦੀ ਦੰਦ-ਕਥਾ ਬਣੀ ਰਹੀ। ਹੱਲਿਆਂ ਦੀਆਂ ਘਟਨਾਵਾਂ ਕਿੰਨਾ ਚਿਰ ਵਾਪਰਦੀਆਂ ਰਹੀਆਂ, ਮੇਰੇ ਬਾਲ-ਮਨ ਨੂੰ ਚੇਤੇ ਨਹੀਂ। ਪਰ ਮੈਨੂੰ ਇਹ ਚੰਗੀ ਤਰ੍ਹਾਂ ਯਾਦ ਹੈ ਕਿ ਪਿੰਡ ਵਿੱਚ ਲੋਕਾਂ ਨੇ ਪਿੰਡ ਦੇ ਲੁਹਾਰਾਂ ਤੇ ਤਰਖਾਣਾਂ ਤੋਂ ਨੇਜ਼ੇ, ਬਰਛੇ, ਟਾਕੂਏ, ਗੰਡਾਸੀਆਂ ਤੇ ਗੰਡਾਸੇ ਜ਼ਰੂਰ ਬਣਵਾਏ। ਅਸੀਂ ਵੀ ਤੂੜੀ ਵਾਲੇ ਕੋਠੇ ਵਿੱਚ ਦੋ ਬਰਛੇ ਤੇ ਇੱਕ ਨੇਜ਼ਾ ਬਣਵਾ ਕੇ ਲਕੋ ਦਿੱਤੇ। ਮੈਂ ਡਰਦਾ ਬਰਛੇ ਵਾਲੇ ਕੋਠੇ ਵਿੱਚ ਨਾ ਵੜਦਾ।

ਮੈਥੋਂ ਵੱਡੇ ਭਰਾ ਨੇ ਆਪਣੇ ਆੜੀ ਜੱਟਾਂ ਦੇ 'ਰਤੀਏ' ਨਾਲ ਮਿਲ ਕੇ ਪਿੰਡ ਦੇ ਦੌਲੇ ਤਰਖਾਣ ਤੋਂ ਇੱਕ ਲੋਹੇ ਦੀ ਛੋਟੀ ਤਲਵਾਰ ਬਣਵਾ ਲਈ। ਬਾਅਦ ਵਿੱਚ ਕਿੰਨਾ ਚਿਰ ਉਹ ਤਲਵਾਰ ਖੱਲ-ਖੂੰਜਿਆਂ ਵਿੱਚ ਰੁਲਦੀ ਰਹੀ।

ਸਮੇਂ ਦੇ ਨਾਲ ਕਿਵੇਂ ਲੋਹਾ ਗਰਮ ਹੋ ਕੇ ਸ਼ਸ਼ਤਰਾਂ ਦਾ ਰੂਪ ਧਾਰ ਲੈਂਦਾ ਹੈ। ਉਦੋਂ ਪਿੰਡ ਦੇ ਨਿਆਣਿਆਂ ਕੋਲ ਖਿਡੌਣੇ ਵੀ ਹਥਿਆਰਾਂ ਦੇ ਬਣ ਗਏ। ਇਹ ਵੱਢ-ਟੁੱਕ ਦਾ ਦੌਰ ਕਈ ਮਹੀਨੇ ਚੱਲਿਆ ਤੇ ਪੰਜਾਬ ਸਦਾ ਲਈ ਪੱਛਿਆ ਗਿਆ।

ਅਸੀਂ ਲੋਕਾਂ ਨੂੰ ਗੱਲਾਂ ਕਰਦੇ ਸੁਣਦੇ ਕਿ ਉਧਰ ਮੁਲਮਾਨਾਂ ਨੇ ਹਿੰਦੂਆਂ ਅਤੇ ਸਿੱਖਾਂ ਨੂੰ ਕਤਲ ਕਰਨਾ ਸ਼ੁਰੂ ਕਰ ਦਿੱਤਾ ਹੈ। ਬੱਚਿਆਂ ਨੂੰ ਉੱਪਰ ਉਛਾਲ ਕੇ ਬਰਛਿਆਂ ਨਾਲ ਪਰੁੰਨਿਆ ਜਾ ਰਿਹਾ ਹੈ। ਸੁਣ ਕੇ ਮੇਰਾ ਮਨ ਪਸੀਜਿਆ ਜਾਂਦਾ। ਮੈਂ ਆਪਣੀ ਮਾਤਾ ਜੀ ਦੀ ਗੋਦ 'ਚ ਜਾ ਵੜਦਾ। ਅਜੇਹੀਆਂ ਵਾਰਦਾਤਾਂ ਸੁਣ ਕੇ ਸਾਡੇ ਪਿੰਡ ਦੇ ਕਈ ਬੰਦੇ ਨੇੜਲੇ ਮੁਸਲਮਾਨਾਂ ਦੇ ਪਿੰਡਾਂ ਨੂੰ ਲੁੱਟਣ ਜਾਂਦੇ। ਬਹੁਤ ਕੁਝ ਲੁੱਟ ਕੇ ਲਿਆਉਂਦੇ। ਮਾਤਾ ਜੀ ਦੱਸਿਆ ਕਰਦੇ ਸੀ ਕਿ ਫਲਾਣੇ ਫਲਾਣੇ ਨੇ ਲੁੱਟ ਦਾ ਬੜਾ ਮਾਲ ਢੋਇਆ। ਕਈ ਮੁਸਲਮਾਨ ਔਰਤਾਂ ਨੂੰ ਕੱਢ ਲਿਆਏ। ਕੱਢ ਕੇ ਲਿਆਉਣ ਦੇ ਅਰਥ ਮੈਨੂੰ ਬੜੀ-ਦੇਰ ਬਾਅਦ ਸਮਝ ਆਏ। ਕਈ ਬੰਦੇ ਪਿੰਡ ਦੀ ਸੱਥ ਵਿੱਚ ਆਪਣੀ ਬਹਾਦਰੀ ਦੀਆਂ ਡੀਂਗਾਂ ਮਾਰਦੇ ਕਿ ਮੈਂ ਏਨੇ ਮੁਸਲਮਾਨ ਵੱਢੇ। ਬਹਾਦਰੀ ਤੇ ਨਿਡਰਤਾ ਦੇ ਅਰਥ ਹਾਲਾਤ ਨਾਲ ਕਿਵੇਂ ਬਦਲ ਜਾਂਦੇ ਹਨ। ਪੰਜਾਬ ਦੇ ਇਤਿਹਾਸ ਵਿੱਚ ਇਹ ਖ਼ੂਨੀ-ਕਾਂਡ ਅਮਿੱਟ ਰਹੇਗਾ ਕਿ ਕਿਵੇਂ ਸਦੀਆਂ ਦੀ ਸਾਂਝੀ-ਇਨਸਾਨੀਅਤ, ਦਿਨਾਂ ਵਿੱਚ ਹੀ ਵਹਿਸ਼ੀ ਜਨੂਨ ਨੇ ਵਲੂੰਧਰ ਕੇ ਰੱਖ ਦਿੱਤੀ।

ਸਾਡੇ ਪਿੰਡ ਦੇ ਮੁਸਲਮਾਨ ਰਾਈਂ, ਪੀਂਜੇ, ਤੇਲੀ, ਘੁਮਿਆਰ ਤੇ ਛੀਂਬੇ ਸਹਿਮੇ ਹੋਏ ਸਨ। ਉਹ ਹਰ ਰੋਜ਼ ਇੱਕ ਥਾਂ ਇਕੱਠੇ ਹੋ ਜਾਂਦੇ। ਕਤਲੋਗਾਰਤ ਦੇ ਦਿਨ ਲੰਘਦੇ ਰਹੇ। ਸਾਡੀ ਖੇਡ ਬੰਦ ਹੋ ਗਈ। ਦੇਸ ਦੀ ਵੰਡ ਹੋ ਗਈ। ਲੋਕਾਂ ਨੂੰ ਇੱਧਰੋਂ-ਉੱਧਰ ਅਤੇ ਉੱਧਰੋਂ ਇੱਧਰ ਆਉਣ ਦਾ ਐਲਾਨ ਹੋ ਗਿਆ। ਸਾਡੇ ਪਿੰਡੋਂ ਵੀ ਮੁਸਲਮਾਨਾਂ ਦੇ ਤੁਰਨ ਦਾ ਦਿਨ ਆ ਗਿਆ।

ਉਹ ਦਿਨ ਮੈਨੂੰ ਅਜੇ ਵੀ ਚੇਤੇ ਹੈ ਜਦੋਂ ਦੁਪਹਿਰ ਢਲ ਰਹੀ ਸੀ। ਅਸੀਂ ਆਪਣੇ ਆਪਣੇ ਬੂਹਿਆਂ ਅੱਗੇ ਖੜੇ ਸਾਂ। ਮੇਰੇ ਪਿੰਡ ਦੇ ਮੁਸਲਮਾਨ ਰੋਂਦੇ ਕੁਰਲਾਂਦੇ ਕੱਛਾਂ 'ਚ ਗਠੜੀਆਂ ਸਾਂਭੀ, ਤਰਸ ਮੰਗਦੇ, ਪਿੰਡ ਨੂੰ ਸਦਾ-ਸਦਾ ਲਈ ਛੱਡ ਕੇ ਜਾ ਰਹੇ ਸਨ। ਮੈਂ ਚੁੱਪ ਕੀਤਾ ਆਪਣੇ ਹਾਣੀ 'ਘੁੱਦੇ' ਨੂੰ ਤੱਕ ਰਿਹਾ ਸਾਂ। ਉਸ ਦੀ ਅੰਮੀ ਦੇ ਅੱਥਰੂ ਵਹਿ ਰਹੇ ਸਨ। ਪਿੰਡ ਦੇ ਲੋਕ ਆਪਣੀਆਂ ਭਿੱਜੀਆਂ ਪਲਕਾਂ ਨਾਲ ਉਹਨਾਂ ਨੂੰ ਬੇਬਸ ਹੋਏ ਅਲਵਿਦਾ ਆਖ ਰਹੇ ਸਨ।

ਦ੍ਰਿਸ਼ ਬੜਾ ਹੀ ਕਰੁਣਾਮਈ ਸੀ। ਸਭ ਦੇ ਚਿਹਰਿਆਂ ਉੱਤੇ ਸੋਗ ਛਾਇਆ ਹੋਇਆ ਸੀ। ਬੁੱਢਾ ਕਰੀਮ ਬਖ਼ਸ਼ ਧਾਹਾਂ ਮਾਰ ਰਿਹਾ ਸੀ। "ਲੋਕੋ, ਮੈਨੂੰ ਇੱਥੇ ਹੀ ਰੱਖ ਲਵੋ," ਉਸਦੀਆਂ ਸਿਸਕੀਆਂ ਕਹਿ ਰਹੀਆਂ ਸਨ।

ਮਿੱਤਾ, ਜੰਮੂ, ਫੈਜਾ, ਜਾਨੀ, ਮਜੀਦ, ਯੂਸਫ, ਦੌਲਾਂ ਖਾਂ, ਰਹਿਮਤ, ਹੈਦਰਅਲੀ ਆਦਿ ਆਪਣੇ ਆਪਣੇ ਪਰਿਵਾਰਾਂ ਨੂੰ ਲੈ ਕੇ ਨਮੋਸ਼ੀ ਨਾਲ ਟੁਰੇ ਜਾ ਰਹੇ ਸਨ। ਆਪਣੇ ਘਰ ਦਰ ਨੂੰ ਛੱਡ ਕੇ ਜਾਣਾ ਬੜਾ ਹੀ ਦਰਦਨਾਕ ਸੀ। ਸਾਰਾ ਪਿੰਡ ਹਿਚਕੀਆਂ ਭਰ ਰਿਹਾ ਸੀ ਜਿਵੇਂ ਕਹਿਰ ਤੇ ਪਰਲੋ ਆ ਗਈ ਹੋਵੇ।

ਪਿਤਾ ਜੀ ਅਤੇ ਪਿੰਡ ਦੇ ਕੁਝ ਜ਼ਿੰਮੇਵਾਰ ਬੰਦੇ, ਆਪਣੇ ਪਿੰਡ ਦੇ ਮੁਸਲਮਾਨਾਂ ਨੂੰ ਖਰੜ ਸ਼ਹਿਰ ਦੇ ਕੈਂਪ 'ਚ ਛੱਡਣ ਲਈ ਨਾਲ ਹੋ ਤੁਰੇ। ਰਸਤੇ ਵਿੱਚ ਦੇਸੂਮਾਜਰਾ ਪਿੰਡ ਦੇ ਨੇੜੇ ਕੁਝ ਲੋਕਾਂ ਦੇ ਟੋਲੇ ਨੇ ਸਾਡੇ ਪਿੰਡ ਦੇ ਮੁਸਲਮਾਨਾਂ ਉੱਤੇ ਹਮਲਾ ਕਰਨਾ ਚਾਹਿਆ ਪਰੰਤੂ ਪਿਤਾ ਜੀ ਤੇ ਕੁਝ ਬੰਦਿਆਂ ਨੇ ਉਹਨਾਂ ਨੂੰ ਆਪਣੇ ਪਿੰਡ ਦੀ ਇੱਜ਼ਤ ਉੱਤੇ ਹੱਥ ਨਾ ਚੁੱਕਣ ਦਿੱਤਾ ਤੇ ਪੂਰੀ ਸੁਰੱਖਿਅਤਾ ਨਾਲ ਖਰੜ-ਕੈਂਪ ਜਾ ਪੁਜਾਇਆ।

ਮੇਰੇ ਪਿੰਡ ਦੇ ਲੋਕਾਂ ਨੇ ਕਿਸੇ ਵੀ ਮੁਸਲਮਾਨ ਦਾ ਲਹੂ ਨਾ ਡੁਲ੍ਹਣ ਦਿੱਤਾ। ਇਸ ਘਟਨਾ ਨੂੰ ਮੇਰੇ ਪਿੰਡ ਵਿੱਚ ਮੁੜ ਕੇ ਆ ਵਸੇ ਮੁਸਲਮਾਨ ਅਜੇ ਵੀ ਯਾਦ ਕਰ ਲੈਂਦੇ ਹਨ। ਪਿੰਡ ਵਿੱਚ ਸਭ ਤੋਂ ਬਿਰਧ ਮੁਸਲਮਾਨ 'ਬਸ਼ੀਰਾਂ-ਮਾਈ' ਸੰਤਾਲੀ ਦੀ ਵੰਡ ਦਾ ਆਪਣੇ ਪਿੰਡੇ ਤੇ ਹੰਢਾਇਆ ਸੰਤਾਪ ਦੱਸਦੀ ਦੱਸਦੀ ਗੱਚ ਭਰ ਲੈਂਦੀ ਹੈ। ਉਸਦਾ ਸਾਰਾ ਪਰਿਵਾਰ ਇੱਧਰ ਵੱਸ ਰਿਹਾ ਹੈ ਪਰੰਤੂ ਉਸਦੀ ਇਕੋ ਇੱਕ ਹੁਸੀਨ ਲੜਕੀ 'ਸ਼ਰੀਫਨ ਬੇਗਮ' ਪਾਕਿਸਤਾਨ ਰਹਿ ਰਹੀ ਹੈ। ਉਸਦਾ ਚਲੇ ਜਾਣ ਦਾ ਵਿਛੋੜਾ ਉਸਦੇ ਹੱਡਾਂ ਵਿੱਚ ਰਚ ਗਿਆ ਹੈ।

ਕੁਝ ਚਿਰ ਪਿੱਛੋਂ ਮੇਰੇ ਪਿੰਡ ਦੇ ਕੁਝ ਮੁਸਲਮਾਨ, ਹਿੰਦੂ ਬਣ ਕੇ ਮੁੜ ਪਿੰਡ ਆ ਵਸੇ ਸਨ ਤੇ ਕੁਝ ਉੱਧਰ ਪਾਕਿਸਤਾਨ ਦੇ ਸਰਨਾਰਥੀ-ਕੈਂਪਾਂ ਵਿੱਚ ਰੁਲ-ਖੁਲ ਗਏ। ਸਰਹੱਦੋਂ ਪਾਰ ਵਸਦਿਆਂ ਦੀ ਸਾਰ ਕੌਣ ਲਵੇ ?

ਮੈਂ ਆਪਣੇ ਬਚਪਨ 'ਚ ਅੱਖੀਂ ਡਿੱਠਾ ਤੇ ਕੰਨੀਂ ਸੁਣਿਆ ਇਹ ਸਾਕਾ ਕਦੇ ਭੁੱਲ ਨਾ ਸਕਿਆ।

***

# ਜਦੋਂ ਮੀਂਹ ਪੈਂਦਾ



ਉਦੋਂ ਸਾਡਾ ਘਰ ਕੱਚਾ ਹੁੰਦਾ ਸੀ। ਪਿੰਡ ਵਿੱਚ ਹੋਰ ਘਰ ਵੀ ਆਮ ਤੌਰ ਤੇ ਕੱਚੇ ਹੀ ਹੁੰਦੇ ਸਨ। ਬੀਹੀ ਵੀ ਕੱਚੀ ਹੁੰਦੀ ਸੀ। ਕਿਸੇ ਕਿਸੇ ਘਰ ਅੱਗੇ ਲੱਕੜ ਦੀ ਪੌੜੀ ਖੜੀ ਹੁੰਦੀ। ਸਰਕੜੇ ਦੇ ਛੱਪਰ ਕਈ ਘਰਾਂ ਦੇ ਅੱਗੇ ਪਾਏ ਹੁੰਦੇ। ਥੱਲੇ ਕੋਈ ਨਾ ਕੋਈ ਪਸ਼ੂ ਬੱਧਾ ਹੁੰਦਾ। ਇਹ ਗੱਲ ਲਗ-ਪਗ 1951 ਦੀ ਹੈ। ਉਦੋਂ ਮੈਂ ਦਸਾਂ ਕੁ ਸਾਲਾਂ ਦਾ ਹੁੰਦਾ ਸੀ।

ਜਿਸ ਦਿਨ ਮੀਂਹ ਪੈਂਦਾ, ਸਾਨੂੰ ਬੜੀ ਖੁਸ਼ੀ ਹੁੰਦੀ। ਅਸੀਂ ਸੋਚਦੇ ਕਿ ਅੱਜ ਸਕੂਲ ਜਾਣੋਂ ਖਹਿੜਾ ਛੁੱਟੂ। ਘਰ ਰਹਾਂਗੇ ਤੇ ਖੂਬ ਆਨੰਦ ਮਾਣਾਂਗੇ। ਕਈ ਵੇਰ ਚੋਖੀ ਵਰਖਾ ਪੈਂਦੀ ਤੇ ਅਸੀਂ ਘਰ ਹੀ ਰਹਿ ਜਾਂਦੇ, ਦੋਵੇਂ ਭੈਣਾਂ ਤੇ ਮੈਂ। ਉਦੋਂ ਅਸੀਂ ਪ੍ਰਾਇਮਰੀ ਸਕੂਲ 'ਚ ਪੜ੍ਹਦੇ ਸਾਂ। ਮਾਤਾ ਜੀ ਘਰ ਰਹਿਣ ਲਈ ਹੀ ਆਖਦੇ ਪਰੰਤੂ ਪਿਤਾ ਜੀ ਸਕੂਲ ਭੇਜਣ ਲਈ ਇੱਛਕ ਹੁੰਦੇ। ਉਹ ਆਪ ਅਧਿਆਪਕ ਸਨ ਤੇ

ਉਹਨਾਂ ਨੇ ਤਾਂ ਹਰ ਹਾਲਤ ਵਿੱਚ ਖਰੜ ਸਕੂਲ ਜਾਣਾ ਹੀ ਹੁੰਦਾ। ਆਖ਼ਿਰ ਸਾਡੀ ਗੱਲ ਮੰਨੀ ਜਾਂਦੀ।

ਸਾਵਣ ਦਾ ਮਹੀਨਾ ਹੁੰਦਾ। ਵਰਖਾ ਵਰ੍ਹ ਰਹੀ ਹੁੰਦੀ ਤੇ ਮਾਤਾ ਜੀ ਸਾਡੇ ਲਈ ਗੁਲਗੁਲੇ ਤੇ ਪੂੜੇ ਬਣਾਉਣ ਲਈ ਕੰਮ ਵਿੱਢ ਲੈਂਦੇ। ਆਟਾ, ਮਿੱਠਾ ਤੇ ਤੇਲ ਤਿਆਰ ਕਰ ਲੈਂਦੇ। ਪੂੜੇ ਤਿਆਰ ਕਰਨ ਲਈ ਮਾਤਾ ਜੀ ਮੈਨੂੰ ਪਿੱਪਲ ਦੇ ਪੱਤੇ ਲਿਆਉਣ ਲਈ ਭੇਜ ਦੇਂਦੇ। ਮੈਂ ਮੀਂਹ ਪੈਂਦੇ 'ਚ ਛਤਰੀ ਲੈ ਕੇ ਪਿੱਪਲ ਦੇ ਪੱਤੇ ਤੋੜ ਲਿਆਉਂਦਾ। ਤਵੇ ਉੱਤੇ ਪੂੜੇ ਪਕਾਉਣ ਲਈ ਮਾਤਾ ਜੀ ਆਟੇ ਦੇ ਮਿੱਠੇ ਘੋਲ ਨੂੰ ਤਵੇ ਉੱਤੇ ਪਾਉਂਦੇ। ਛਣ-ਛਣ ਹੁੰਦੀ। ਮਾਤਾ ਜੀ ਪੱਤੇ ਦੇ ਕੋਕਲੇ ਨਾਲ ਮਿੱਠੇ-ਘੋਲ ਨੂੰ ਤਵੇ ਉੱਤੇ ਰੋਟੀ ਦੀ ਸ਼ਕਲ ਵਿੱਚ ਬਦਲ ਦਿੰਦੇ। ਖੁਰਚਨੇ ਨਾਲ ਥੱਲ-ਥਲਾਈ ਕਰਦੇ। ਅਸੀਂ ਵੇਖਦੇ ਰਹਿੰਦੇ। ਗਰਮ ਗਰਮ ਪੂੜੇ ਸਾਡੀਆਂ ਥਾਲੀਆਂ 'ਚ ਪਰੋਸੇ ਜਾਂਦੇ। ਗੋਲ ਮਟੋਲ ਗੁਲਗੁਲੇ ਤਲੇ ਜਾਂਦੇ। ਲੋਹੇ ਦੀ ਸੀਖ 'ਚ ਪਰੋ ਕੇ ਪੱਕੇ ਹੋਏ ਗੁਲਗੁਲੇ ਪਰਾਤ ਵਿੱਚ ਕੱਢ ਲਏ ਜਾਂਦੇ। ਤਾਂਬੇ ਰੰਗੇ ਗੁਲਗੁਲੇ ਤੱਕ ਕੇ ਸਾਡੇ ਮੂੰਹ 'ਚ ਪਾਣੀ ਭਰ ਆਉਂਦਾ। ਪੋਲੇ-ਪੋਲੇ ਗੁਲਗੁਲੇ ਸਾਨੂੰ ਬਹੁਤ ਸੁਆਦੀ ਲੱਗਦੇ। ਅਸੀਂ ਖਾਂਦੇ ਰਹਿੰਦੇ ਤੇ ਮਾਤਾ ਜੀ ਪਕਾਉਂਦੇ ਰਹਿੰਦੇ। ਪਕਵਾਨ ਦੀ ਮਹਿਕ ਪੌਣਾ ਵਿੱਚ ਖਿੰਡ ਜਾਂਦੀ। ਉਹਨਾਂ ਗੁਲਗਲਿਆਂ ਤੇ ਪੂੜਿਆਂ ਦੀ ਯਾਦ ਮਾਂ ਦੀ ਮਮਤਾ ਦਾ ਅਹਿਸਾਸ ਕਰਾਉਂਦੀ। ਚੁੱਲ੍ਹੇ ਕੋਲ ਬੈਠੇ ਮਾਤਾ ਜੀ ਬਹੁਤ ਚੰਗੇ ਲਗਦੇ। ਆਟੇ ਦਾ ਮਿੱਠਾ ਘੋਲ ਤਾਂ ਹੁਣ ਵੀ ਤਿਆਰ ਕੀਤਾ ਜਾ ਸਕਦਾ ਹੈ ਪਰੰਤੂ ਮਾਂ ਦੇ ਪਿਆਰ ਦੀ ਉਹ ਮਿਠਾਸ ਹੁਣ ਕਿੱਥੋਂ ਮਿਲ ਸਕਦੀ ਹੈ। ਖਾ ਪੀ ਕੇ ਅਸੀਂ ਰੱਜ ਜਾਂਦੇ।

ਵਰਖਾ ਪੈਂਦੀ ਰਹਿੰਦੀ। ਫਿਰ ਅਸੀਂ ਘਰੇ ਖੇਡਣ ਦੀ ਸੋਚਦੇ। ਲੁਕਣਮੀਚੀ ਦੀ ਖੇਡ ਸ਼ੁਰੂ ਹੋ ਜਾਂਦੀ। ਦਲ੍ਹਾਨ ਤੇ ਕੋਠੜੀਆਂ 'ਚ ਅਸੀਂ ਨੱਸੇ ਫਿਰਦੇ। ਅਸੀਂ ਘਰ ਦੇ ਖੂੰਜਿਆਂ, ਖੱਲਾਂ, ਪੇਛੜਿਆਂ, ਮੱਟੀਆਂ, ਕੋਠੀਆਂ, ਭੜੋਲੀਆਂ ਆਦਿ ਦੀ ਓਟ ਵਿੱਚ ਲੁਕ ਜਾਂਦੇ ਤੇ 'ਪਟੀਲੀਓ' ਆਖਦੇ। ਪੀਤੀ ਵਾਲਾ ਲੁਕਣ ਵਾਲਿਆਂ ਨੂੰ ਟੋਲਣ ਲਗਦਾ। ਗੁੱਛਾ ਮੁੱਛਾ ਹੋਏ ਅਸੀਂ ਸਾਹ ਤੱਕ ਨਾ ਕੱਢਦੇ ਮਤੇ ਬਿੜਕ ਨਾਲ ਪਤਾ ਨਾ ਲਗ ਜਾਏ। ਕਈ ਵੇਰ ਅਸੀਂ ਕਿਸੀ ਪੇਟੀ, ਟਰੰਕ ਜਾਂ ਸੰਦੂਕ ਪਿੱਛੇ ਬਿੱਲੀ ਵਾਂਗ ਸਹਿ ਦੇ ਲੁਕ ਜਾਂਦੇ। ਮੀਂਹ ਦੀਆਂ ਕਿਣੀਆਂ ਕੋਠਿਆਂ 'ਤੇ ਮਿੱਠਾ ਮਿੱਠਾ ਖੜਾਕ ਕਰਦੀਆਂ ਰਹਿੰਦੀਆਂ ਤੇ ਸਾਡੀ ਖੇਡ ਚੱਲਦੀ ਰਹਿੰਦੀ। ਬੀਹੀ ਵਿੱਚ ਵਗਦੇ ਪਰਨਾਲਿਆਂ ਦਾ ਸ਼ੋਰ ਚੰਗਾ ਲਗਦਾ।

"ਰੱਬ ਜੀ, ਸਾਡਾ ਕੋਠਾ ਚੋਵੇ ਨਾ। ਸਾਡਾ ਕੋਠਾ ਠੀਕ ਰਵੇ," ਅਸੀਂ ਦਿਲ ਹੀ ਦਿਲ ਵਿਚ ਆਖਦੇ। ਕਦੇ ਕਦੇ ਕਿਸੀ ਕੱਚੀ ਕੰਧੜੀ ਦੇ ਡਿੱਗਣ ਦੀ ਆਵਾਜ਼ ਆਉਂਦੀ। ਅਸੀਂ ਸਹਿਮ ਜਾਂਦੇ। ਕੰਧੜੀ ਡਿੱਗਣ ਦੀ ਆਵਾਜ਼ ਨਾਲ ਸਾਡਾ ਦਿਲ ਧੱਕ-ਧੱਕ ਕਰਨ ਲਗਦਾ। ਕਿਸੇ ਦਾ ਘਰ ਢੱਠਣਾ ਮਾੜਾ ਲਗਦਾ। ਕਦੇ ਕਿਸੇ ਦਾ ਸਤੀਰ ਤਿੜਕ ਜਾਂਦਾ, ਥੱਲੇ ਥੰਮੀ ਦੇਣੀ ਪੈਂਦੀ। ਕਦੇ ਕਿਸੇ ਦਾ ਛੱਪਰ ਚੋਣ ਲੱਗ ਪੈਂਦਾ। ਥੱਲੇ ਖੜਿਆ ਪਸ਼ੂ ਕੁੰਗੜਨ ਲਗਦਾ। ਗਲੀ 'ਚ ਚਿੱਕੜ ਹੋ ਜਾਂਦਾ। ਲੰਘਣਾ ਔਖਾ ਹੋ ਜਾਂਦਾ। ਪਰ ਕੰਮ ਤਾਂ ਕਰਨੇ ਹੀ ਹੁੰਦੇ। ਪਿੰਡ ਦੇ ਲੋਕੀਂ ਭਿੱਜਦੇ ਭਜਾਉਂਦੇ ਕਾਰ ਲੱਗੇ ਰਹਿੰਦੇ। ਥੋੜ੍ਹੇ ਮੀਂਹ 'ਚ ਅਸੀਂ ਵੀ ਗਲੀ 'ਚ ਛਪਕ-ਛਪਕ ਕਰਦੇ। ਗੁਆਂਢ 'ਚੋਂ ਹੋਰ ਸਾਥੀ ਆ ਜਾਂਦੇ। ਭਿੱਜਣਾ ਤੇ

ਦੂਜਿਆਂ 'ਤੇ ਛਿੱਟੇ ਮਾਰਨੇ ਚੰਗਾ ਲਗਦਾ। ਕਦੇ-ਕਦੇ ਸਾਡੀ ਲੜਾਈ ਹੋ ਜਾਂਦੀ ਪਰ ਛੇਤੀ ਹੀ ਮਨ-ਮਨੌਤੀ ਹੋ ਜਾਂਦੀ। ਰੁੱਠ-ਰਠਾਈ ਭੁੱਲ ਜਾਂਦੇ। ਮੁੜ ਜੋਟੀਆਂ ਪਾ ਕੇ ਖੇਡਣ ਲਗਦ।

ਕੋਠੇ ਚੜ੍ਹ ਕੇ ਸਤਰੰਗੀ ਪੀਂਘ ਵੇਖ ਕੇ ਸਾਨੂੰ ਚਾਅ ਚੜ੍ਹ ਜਾਂਦਾ। ਸਬਜੇ ਦਾ ਵੱਡਾ ਘੇਰਾ ਵੇਖਣ ਲਗਦੇ।

"ਮਾਈ ਬੁੱਢੀ ਦੀ ਪੀਂਘ
ਪਹਿਲਾ ਝੂਟਾ ਮੇਰਾ।"

ਸਾਡੇ ਮੂੰਹੋਂ ਆਪ ਮੁਹਾਰੇ ਗਾਇਆ ਜਾਂਦਾ। ਭੱਜੇ ਜਾਂਦੇ ਬੱਦਲਾਂ ਨੂੰ ਵੇਖ ਆਖਦੇ ਕਿ ਪਾਣੀ ਪੀਣ ਚੱਲੇ ਹਨ। ਬੱਦਲਾਂ 'ਚੋਂ ਹਾਥੀ, ਘੋੜੇ, ਊਠ, ਬਲਦਾਂ ਦੀਆਂ ਤਸਵੀਰਾਂ ਚਿਤਵਦੇ। ਮਿੰਨੀ-ਮਿੰਨੀ ਭੂਰ ਸਾਨੂੰ ਚੰਗੀ ਲਗਦੀ। ਬੱਦਲਾਂ 'ਚੋਂ ਸੂਰਜ ਦੀਆਂ ਸੁਨਹਿਰੀ ਕਿਰਨਾਂ ਚਿਲਕੋਰਦੀਆਂ। ਅਸੀਂ ਕਹਿ ਉੱਠਦੇ:

"ਕਾਲੀ ਗਿੱਦੜੀ ਦਾ ਵਿਆਹ
ਹੁੰਦਾ ਵਾਹ ਪਈ ਵਾਹ।"

ਇੰਜ ਮੀਂਹ ਵਾਲਾ ਦਿਨ ਖੇਡਾਂ, ਖੁਸ਼ੀਆਂ ਤੇ ਖਾਣ-ਪੀਣ ਵਿੱਚ ਲੰਘ ਜਾਂਦਾ। ਅਸੀਂ ਮੀਂਹ ਵਾਲੇ ਕਿਸੇ ਹੋਰ ਦਿਲ ਦੀ ਉਡੀਕ ਕਰਨ ਲਗਦੇ।

***

# ਬਚਪਨ ਦੇ ਸ਼ੌਂਕ ਤੇ ਰੀਝਾਂ



ਬਚਪਨ ਦੇ ਸ਼ੌਂਕ ਤੇ ਰੀਝਾਂ ਵੱਡੀ ਉਮਰ 'ਚ ਜਾ ਕੇ ਕਈ ਵੇਰ ਹੁੱਨਰ ਜਾਂ ਕਿੱਤੇ ਦਾ ਰੂਪ ਧਾਰਨ ਕਰ ਲੈਂਦੀਆਂ ਹਨ। ਪਰ ਕਈਆਂ ਦੀ ਜ਼ਿੰਦਗੀ ਵਿੱਚ ਬਚਪਨ ਦੇ ਸ਼ੌਂਕ ਤੇ ਰੀਝਾਂ ਨੂੰ ਸਹੂਲਤਾਂ ਤੇ ਉਤਸ਼ਾਹ ਨਾ ਮਿਲਣ ਕਾਰਨ, ਪ੍ਰਗਟਾਉਣ ਤੇ ਵਿਗਸਾਉਣ ਦੇ ਅਵਸਰ ਹੀ ਨਹੀਂ ਮਿਲਦੇ। ਇੰਜ ਮਨੁੱਖੀ ਜ਼ਿੰਦਗੀ ਨੀਰਸ ਹੋ ਜਾਂਦੀ ਹੈ ਤੇ ਕਈ ਵੇਰ ਗੈਰ-ਸਿਹਤਮੰਦ ਆਦਤਾਂ ਧਾਰਨ ਕਰ ਲੈਂਦੀ ਹੈ। ਸ਼ੌਂਕ ਤੇ ਰੀਝਾਂ ਨੂੰ ਜੀਵਨ ਦੀ ਸੁੰਦਰਤਾ ਦੇ ਪ੍ਰਤੀਕ ਕਿਹਾ ਜਾ ਸਕਦਾ ਹੈ। ਜੀਵਨ ਦਾ ਸ਼ਿੰਗਾਰ ਵੀ ਕਹਿਣਾ ਠੀਕ ਹੋਵੇਗਾ। ਜਿਉਣ ਦੀ ਉਮੰਗ ਨਾਲ ਹੀ ਕਲਾ ਜਾਂ ਹੁੱਨਰ ਸਿਰਜੇ ਜਾਂਦੇ ਹਨ।

ਮੇਰੇ ਬਚਪਨ ਦੀ ਕਹਾਣੀ ਮੈਨੂੰ ਮੇਰੇ ਸ਼ੌਂਕ ਤੇ ਰੀਝਾਂ ਨੂੰ ਯਾਦ ਕਰਾਉਂਦੀ ਹੈ। ਬਚਪਨ ਤੋਂ ਹੀ ਮੈਨੂੰ ਸੁੰਦਰ ਵਸਤਾਂ ਨਾਲ ਲਗਾਓ ਰਿਹਾ ਹੈ। ਜਦੋਂ ਤੋਂ ਮੈਂ ਸੋਝੀ ਸੰਭਲੀ, ਮੈਨੂੰ ਸੁਹਣਾ ਸੁਹਣਾ ਜਚਣ ਦਾ ਸ਼ੌਕ ਲੱਗਿਆ ਰਿਹਾ। ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਮੈਨੂੰ ਆਪਣੀ ਲਿਖਾਈ ਸੁੰਦਰ ਬਣਾਉਣ ਦੀ ਰੀਝ ਚਿਮਟੀ ਰਹੀ। ਇਸ ਨੂੰ ਸੁੰਦਰ ਬਣਾਉਣ 'ਚ ਜਿੱਥੇ ਮੇਰੇ ਪਿਤਾ ਜੀ ਦਾ ਹੱਥ ਹੈ, ਉਥੇ ਮੇਰੇ ਮੁਢਲੇ

ਅਧਿਆਪਕ ਸ੍ਰੀ ਰਾਮ ਸਿੰਘ ਜੀ ਦੀ ਅਗਵਾਈ ਮੁੱਢ ਬੰਨਣ ਵਿੱਚ ਬਹੁਤ ਸਹਾਈ ਰਹੀ। ਮੈਨੂੰ ਆਪਣੀ ਪੜ੍ਹਨ-ਲਿਖਣ ਦੀ ਸਮੱਗਰੀ ਨੂੰ ਸੰਭਾਲ ਕੇ ਸਾਫ਼ ਸੁਥਰਾ ਰੱਖਣ ਦਾ ਸ਼ੌਕ ਬਚਪਨ ਤੋਂ ਹੀ ਰਿਹਾ ਹੈ। ਮੈਂ ਆਪਣੀਆਂ ਕਾਪੀਆਂ ਅਤੇ ਕਿਤਾਬਾਂ ਨੂੰ ਕਾਗਜ਼ ਅਤੇ ਚਿਟਾਂ ਲਾ ਕੇ ਸਜਾਉਂਦਾ। ਕਲਮਾਂ, ਪੈਨਸਿਲਾਂ, ਸਲੇਟ, ਫੱਟੀ ਤੇ ਦਵਾਤ ਨੂੰ ਪੋਚ ਪੋਚ ਰੱਖਦਾ। ਮੈਨੂੰ ਆਪਣੀਆਂ ਵਸਤਾਂ ਨਾਲ ਮੋਹ ਹੁੰਦਾ। ਮੇਰੀ ਇਹ ਚਾਹਨਾ ਹੁੰਦੀ ਕਿ ਮੇਰੀ ਹਰ ਵਸਤ ਸੁਹਣੀ ਸੁਹਣੀ ਲੱਗੇ।

ਪ੍ਰਾਇਮਰੀ ਸਕੂਲ 'ਚ ਪੜ੍ਹਦਿਆਂ ਮੈਂ ਪਗੜੀ ਬੰਨ੍ਹ ਕੇ ਜਾਂਦਾ। ਮੈਨੂੰ ਸੁੰਦਰ ਪਗੜੀ ਬੰਨਣ ਦਾ ਬਹੁਤ ਸ਼ੌਕ ਹੁੰਦਾ। ਕਈ ਵੇਰ ਪਗੜੀ ਜਚਵੀਂ ਨਾ ਬੰਨ੍ਹ ਹੋਣੀ। ਮੈਨੂੰ ਖਿੱਝ ਆਉਂਦੀ। ਮਾਤਾ ਜੀ ਆਖਦੇ, "ਸੁਹਣੀ ਤਾਂ ਬੰਨ ਹੋ ਗਈ।" ਅਸਲ ਵਿੱਚ ਮਾਂ ਨੂੰ ਤਾਂ ਆਪਣਾ ਬੱਚਾ ਸੁਹਣਾ ਹੀ ਲਗਦਾ ਹੁੰਦਾ ਹੈ। ਮੇਰੀ ਤਸੱਲੀ ਨਾ ਹੁੰਦੀ। ਮੈਂ ਵਾਰ-ਵਾਰ ਕੋਸ਼ਿਸ਼ ਕਰਦਾ। ਸ਼ੀਸ਼ੇ ਨੂੰ ਵੇਖ ਕੇ ਗੁੱਸਾ ਚੜ੍ਹਦਾ। ਸਕੂਲ ਤੋਂ ਦੇਰ ਹੋਣ ਦਾ ਡਰ ਹੋਰ ਵੀ ਉਕਤਾ ਦੇਂਦਾ। ਹਿੰਡੀ ਬੱਚੇ ਵਾਂਗ ਮੈਂ ਰੋਣ ਲਗ ਪੈਂਦਾ। ਆਖ਼ਿਰ ਬੁਸਿਆ ਜਿਹਾ ਮੂੰਹ ਬਣਾ ਕੇ ਮੈਂ ਸਕੂਲ ਨੂੰ ਤੁਰ ਪੈਂਦਾ। ਮੇਰਾ ਇਹ ਸ਼ੌਕ ਹੁਣ ਵੀ ਕਾਇਮ ਹੈ। ਮੈਨੂੰ ਹੁਣ ਵੀ ਵਧੀਆਂ ਢੰਗ ਨਾਲ ਪਗੜੀ ਬੰਨਣ ਦੀ ਆਦਤ ਹੈ। ਮੇਰੇ ਲਈ ਪਗੜੀ ਬੰਨ੍ਹਣੀ ਕਲਾ ਦੀਆਂ ਸਿਰਜਣ ਘੜੀਆਂ ਵਾਂਗ ਹੈ। ਪਗੜੀ ਮਨੁੱਖ ਦੀ ਸਖ਼ਸ਼ੀਅਤ ਦੀ ਦਿੱਖ ਲਈ ਵਿਸ਼ੇਸ਼ ਥਾਂ ਤੇ ਪਛਾਣ ਰੱਖਦੀ ਹੈ।

ਸਾਡੇ ਘਰ ਦੇ ਨੇੜੇ ਟੋਭਾ ਸੀ। ਪਿੰਡ ਦੇ ਮੁੰਡੇ ਟੋਭੇ 'ਚ ਨਹਾਉਂਦੇ, ਤੈਰਦੇ, ਕੁੱਦਦੇ ਤੇ ਤਾਰੀਆਂ ਲਾਉਂਦੇ। ਟੋਭੇ ਦੇ ਕੰਢੇ 'ਤੇ ਖੜੋ ਕੇ ਧੜੰਮ-ਧੜੰਮ ਪਾਣੀ 'ਚ ਛਾਲਾਂ ਮਾਰਦੇ। ਗੁੱਚੀਆਂ ਮਾਰਦੇ ਤੇ ਖੂਬ ਆਨੰਦ ਮਾਣਦੇ। ਉਹਨਾਂ ਨੂੰ ਵੇਖ ਕੇ ਮੇਰਾ ਵੀ ਜੀਅ ਕਰਦਾ। ਮੈਂ ਘਰ ਦਿਆਂ ਤੋਂ ਡਰਦਾ। ਟੋਭੇ ਦੇ ਗੰਧਲੇ ਪਾਣੀ ਤੋਂ ਮੈਨੂੰ ਹੋੜਿਆ ਹੋਇਆ ਸੀ। ਫੇਰ ਵੀ ਮੈਂ ਟੋਭੇ 'ਚ ਨਹਾਉਣ ਲਗਦਾ। ਮੈਨੂੰ ਤੈਰਨਾ ਨਾ ਆਉਂਦਾ। ਮੈਂ ਘੱਟ ਪਾਣੀ ਵਿਚ ਛਪਕ-ਛਪਕ ਕਰਦਾ ਰਹਿੰਦਾ। ਡੂੰਘੇ ਪਾਣੀ 'ਚ ਡੁੱਬਣ ਦਾ ਡਰ ਲਗਿਆ ਰਹਿੰਦਾ। ਇਸੇ ਕਰਕੇ ਮੈਨੂੰ ਤੈਰਨਾ ਨਾ ਆ ਸਕਿਆ। ਮੇਰੀ ਇਹ ਰੀਝ ਅਧੂਰੀ ਹੀ ਰਹੀ। ਕਹਿੰਦੇ ਨੇ ਮਨੁੱਖ ਨੂੰ ਤੈਰਨਾ ਅਤੇ ਰੁੱਖ 'ਤੇ ਚੜ੍ਹਨਾ ਜ਼ਰੂਰ ਆਉਣਾ ਚਾਹੀਦਾ ਹੈ ਤਾਂ ਜੋ ਸੰਕਟ ਵੇਲੇ ਕੰਮ ਆ ਸਕੇ। ਰੁੱਖ 'ਤੇ ਚੜ੍ਹਨਾ ਤਾਂ ਮੈਂ ਕੁਝ-ਕੁਝ ਸਿੱਖ ਹੀ ਲਿਆ। ਇਹ ਦੋਵੇਂ ਸਿਖਲਾਈਆਂ ਸਾਡੇ ਅੰਦਰ ਸਾਹਸ ਅਤੇ ਦਲੇਰੀ ਭਰ ਦੀਆਂ ਹਨ। ਕੁਝ ਗੱਲਾਂ ਬਚਪਨ ਵਿੱਚ ਹੀ ਸਿੱਖ ਹੁੰਦੀਆਂ ਹਨ। ਵਡੇਰੀ ਉਮਰ 'ਚ ਜਾ ਕੇ ਮੌਕਾ ਮੇਲ ਹੀ ਨਹੀਂ ਜੁੜਦਾ। ਝਿਜਕ ਜਾਂ ਸੰਗ ਹੀ ਖਹਿੜੇ ਪਈ ਰਹਿੰਦੀ ਹੈ। ਅਜੇਹੇ ਹੁਨਰਾਂ ਲਈ ਬਚਪਨ ਹੀ ਸਭ ਤੋਂ ਸੁਖਾਵੀਂ ਉਮਰ ਹੈ।

ਮਿਡਲ ਸ਼੍ਰੇਣੀ 'ਚ ਉਪੜਦਿਆਂ ਮੈਨੂੰ ਚਿਤਰਕਲਾ ਦਾ ਸ਼ੌਕ ਉਪਜਿਆ। ਇਹ ਸ਼ੌਕ ਮੈਨੂੰ ਆਪਣੇ ਵੱਡੇ ਭਰਾ ਦੇ ਡਰਾਇੰਗ ਟੀਚਰ ਹੋਣ ਕਾਰਨ ਜਾਗਿਆ। ਉਹਨਾਂ ਦੇ ਚਿੱਤਰ ਵੇਖ ਕੇ ਮੇਰੇ ਅੰਦਰ ਰੰਗਾਂ ਦੇ ਸੁਪਨੇ ਸਾਕਾਰ ਹੋਣ ਲਗਦੇ। ਡਰਾਇੰਗ ਦਾ ਵਿਸ਼ਾ ਮੈਨੂੰ ਚੰਗਾ ਲਗਦਾ। ਮੈਂ ਫੁੱਲਾਂ ਤੇ ਪੰਛੀਆਂ ਦੇ ਚਿੱਤਰ ਬਣਾਉਂਦਾ। ਦ੍ਰਿਸ਼-ਚਿੱਤਰ ਬਣਾ ਕੇ ਮੈਨੂੰ ਖੁਸ਼ੀ ਮਿਲਦੀ। ਕਦੇ ਕਦੇ ਮੈਂ ਗੁਰੂ ਨਾਨਕ ਦੇਵ, ਗੁਰੂ ਗੋਬਿੰਦ ਸਿੰਘ, ਸ਼ਹੀਦ ਭਗਤ ਸਿੰਘ ਆਦਿ ਦੇ ਚਿੱਤਰ ਉਲੀਕਦਾ। ਚਿਤਰਕਲਾ ਦੇ ਸ਼ੌਕ ਨੇ ਮੇਰੇ ਅੰਦਰ

ਕਲਾਤਮਿਕ ਰੁਚੀਆਂ ਨੂੰ ਉਤਸ਼ਾਹਤ ਕੀਤਾ। ਮੈਂ ਦਸਵੀਂ ਤੀਕ ਆਪਣੀ ਸ਼੍ਰੇਣੀ ਵਿੱਚ ਇਸ ਵਿਸ਼ੇ ਵਿੱਚ ਪ੍ਰਥਮ ਸਥਾਨ ਹੀ ਪ੍ਰਾਪਤ ਕਰਦਾ ਰਿਹਾ। ਸ੍ਰ. ਸੋਭਾ ਸਿੰਘ (ਆਰਟਿਸਟ) ਦੇ ਚਿੱਤਰਾਂ ਨਾਲ ਮੈਨੂੰ ਵਿਦਿਆਰਥੀ ਜੀਵਨ ਤੋਂ ਹੀ ਮੋਹ ਜਾਗ ਪਿਆ ਸੀ। ਕਈ ਵੇਰ ਮੈਨੂੰ ਮਹਾਨ ਚਿਤਰਕਾਰ ਬਣਨਾ ਚੰਗਾ ਲਗਦਾ। ਦਸਵੀਂ ਪਾਸ ਕਰਨ ਪਿੱਛੋਂ ਮੇਰੇ ਸ਼ੌਕ ਵਾਲਾ ਇਹ ਵਿਸ਼ਾ ਛੁਟ ਹੀ ਗਿਆ। ਪਰੰਤੂ ਮੈਨੂੰ ਹੁਣ ਵੀ ਰੰਗਾਂ ਤੇ ਰੇਖਾਵਾਂ ਨਾਲ ਕੋਈ ਕਿਰਤ ਸਿਰਜ ਕੇ ਬਹੁਤ ਖੁਸ਼ੀ ਮਿਲਦੀ ਹੈ। ਮੇਰੇ ਲਈ ਇਹ ਮਨੋਰੰਜਨ ਹੈ। ਦੁਨੀਆਂ ਦੇ ਮਹਾਨ ਚਿਤਰਕਾਰਾਂ ਪ੍ਰਤੀ ਮੇਰੇ ਦਿਲ ਵਿੱਚ ਇਸੇ ਕਰਕੇ ਅਥਾਹ ਸ਼ਰਧਾ ਹੈ। ਮੈਂ ਉਹਨਾਂ ਨੂੰ ਕਲਾ ਦੇ ਪੈਗੰਬਰ ਮੰਨਦਾ ਹਾਂ।

ਖਾਲਸਾ ਹਾਈ ਸਕੂਲ ਖਰੜ 'ਚ ਪੜ੍ਹਦੇ ਸਮੇਂ ਇਸ ਸਕੂਲ ਦੀ ਆਰਟ-ਗੈਲਰੀ ਤੇ ਲਾਇਬ੍ਰੇਰੀ ਨੇ ਮੇਰੇ ਇਸ ਸ਼ੌਕ ਨੂੰ ਹੋਰ ਵੀ ਤਿੱਖਾ ਕੀਤਾ। ਇਸ ਸਕੂਲ ਲਈ ਡਾ. ਐਮ. ਐਸ. ਰੰਧਾਵਾ (ਉਦੋਂ ਡੀ. ਸੀ) ਨੇ ਬਹੁਤ ਵਡਮੁੱਲੀਆਂ ਪੁਸਤਕਾਂ ਤੇ ਵਿਲੱਖਣ ਪੇਟਿੰਗਜ਼ ਪ੍ਰਦਾਨ ਕੀਤੀਆਂ ਜਿਨ੍ਹਾਂ ਨੂੰ ਪੰਜਾਬ ਭਰ ਤੋਂ ਕਦਰਦਾਨ ਵੇਖਣ ਆਉਂਦੇ। ਇਹ ਗੱਲ 1953-55 ਦੀ ਹੈ। ਹੁਣ ਵੀ ਇਸ ਆਰਟ-ਗੈਲਰੀ ਤੇ ਲਾਇਬ੍ਰੇਰੀ 'ਚ ਪੁਰਾਤਨ-ਕਾਲ ਦੀਆਂ ਅਲੌਕਿਕ ਕਲਾ-ਕਿਰਤਾਂ ਵੇਖੀਆਂ ਜਾ ਸਕਦੀਆਂ ਹਨ। ਸਕੂਲ ਦੀ ਇਸ ਲਾਇਬ੍ਰੇਰੀ ਤੋਂ ਹੀ ਮੈਨੂੰ ਪ੍ਰੀਤਲੜੀ, ਪੰਜ ਦਰਿਆ, ਜਾਗ੍ਰਤੀ, ਬਾਲ-ਸੰਦੇਸ਼, ਬਾਲ-ਦਰਬਾਰ, ਕੇਸਰ ਕਿਆਰੀ, ਬੀਬਾ ਰਾਣਾ ਆਦਿ ਪੰਜਾਬੀ ਰਸਾਲੇ ਪੜ੍ਹਨ ਦਾ ਸ਼ੌਕ ਪੱਕਾ ਹੋਇਆ। ਲਾਇਬ੍ਰੇਰੀ ਦੀ ਘੰਟੀ 'ਚ ਸਾਨੂੰ ਬਾਲ-ਪੁਸਤਕਾਂ ਪੜ੍ਹਨ ਨੂੰ ਦਿੱਤੀਆਂ ਜਾਂਦੀਆਂ। ਮੋਤੀ ਚੂਰ ਦੇ ਲੱਡੂ, ਨਾਗਪ੍ਰੀਤ ਦਾ ਜਾਦੂ, ਦੁਨੀਆਂ ਦੀ ਕਹਾਣੀ, ਮਨੁੱਖ ਦੀ ਕਹਾਣੀ, ਕੋਧਰੇ ਦੀ ਰੋਟੀ ਆਦਿ ਪੁਸਤਕਾਂ ਮੈਨੂੰ ਹੁਣ ਵੀ ਚੇਤੇ ਆਉਂਦੀਆਂ ਰਹਿੰਦੀਆਂ ਹਨ। ਇੱਥੋਂ ਹੀ ਮੈਨੂੰ ਸਾਹਿਤ ਪੜ੍ਹਨ ਦੀ ਚੇਟਕ ਲੱਗੀ। ਸ੍ਰ. ਸੇਵਾ ਸਿੰਘ ਉਦੋਂ ਇਸ ਸੰਸਥਾ 'ਚ ਲਾਇਬ੍ਰੇਰੀਅਨ ਕਮ-ਟੀਚਰ ਹੁੰਦੇ ਸਨ (ਜੋ ਬਾਅਦ ਵਿੱਚ ਇੱਥੋਂ ਪ੍ਰਿੰਸੀਪਲ ਵੱਜੋਂ ਸੇਵਾ ਮੁਕਤ ਹੋਏ), ਉਹਨਾਂ ਤੋਂ ਮੈਂ ਪੁਸਤਕਾਂ ਲੈ ਕੇ ਪੜ੍ਹਨ ਦਾ ਸ਼ੌਕ ਪੂਰਾ ਕਰਦਾ। ਇਸ ਸ਼ੌਕ ਨੇ ਹੀ ਮੈਨੂੰ ਕਵਿਤਾ ਲਿਖਣ ਦਾ ਚਾਅ ਉਪਜਾਇਆ ਅਤੇ ਮੈਂ ਪਹਿਲੀ ਕਵਿਤਾ 1956 'ਚ ਗੁਰਪੁਰਬ ਉਤਸਵ ਲਈ ਲਿਖ ਕੇ ਪੜ੍ਹੀ। ਉਦੋਂ ਮੇਰੇ ਦਿਲ ਅੰਦਰ ਇੱਕ ਕਵੀ ਬਣਨ ਦੀ ਤਰੰਗ ਵੀ ਉੱਠਦੀ। ਕਵੀ ਬਣਨਾ ਮੈਨੂੰ ਮਹਾਨ ਲਗਦਾ।

ਪੁਸਤਕਾਂ ਪੜ੍ਹਨ ਦੇ ਸ਼ੌਕ ਕਾਰਨ ਹੀ ਮੈਂ ਘਰ ਪੁਸਤਕਾਂ ਦੀ ਨਿਜੀ ਲਾਇਬ੍ਰੇਰੀ ਬਣਾਈ। ਘਰ 'ਚ ਪਈਆਂ ਪੁਸਤਕਾਂ ਨੂੰ ਮੈਂ ਇੱਕ ਛੋਟੀ ਜਿਹੀ ਅਲਮਾਰੀ ਵਿੱਚ ਚਿਣ ਲਿੱਤਾ। ਕੁਝ ਪੁਰਾਣੀਆਂ ਤੇ ਵਡਮੁੱਲੀਆਂ ਪੁਸਤਕਾਂ ਸਾਡੇ ਘਰ ਪਹਿਲਾਂ ਹੀ ਸਨ। ਸ਼ਾਇਦ ਇਸੇ ਸ਼ੌਕ ਕਰ ਕੇ ਹੁਣ ਮੇਰੀ ਇੱਕ ਨਿੱਜੀ ਵੱਖਰੀ ਲਾਇਬ੍ਰੇਰੀ ਹੈ ਜਿਸ ਵਿਚ ਹਜ਼ਾਰਾਂ ਦੀ ਗਿਣਤੀ ਵਿੱਚ ਪੁਸਤਕਾਂ ਹਨ। ਇਸੇ ਨਿੱਕੇ ਕਮਰੇ ਵਿੱਚ, ਮੈਂ ਹੁਣ ਬੈਠ ਕੇ ਪੜ੍ਹਦਾ ਲਿਖਦਾ ਰਹਿੰਦਾ ਹਾਂ। 1956 'ਚ ਮੈਨੂੰ ਇਨਾਮ 'ਚ ਮਿਲੀ ਪੁਸਤਕ 'ਗੁਰਮਤਿ ਪ੍ਰਕਾਸ਼' (ਰਚਿਤ ਪ੍ਰੋ. ਸਾਹਿਬ ਸਿੰਘ) ਅਤੇ ਕਾਲਜ-ਜੀਵਨ 'ਚ ਪੁਰਸਕਾਰਾਂ ਵੱਜੋਂ ਮਿਲੀਆਂ ਪੁਸਤਕਾਂ ਮੇਰੀ ਇਸ ਲਾਇਬ੍ਰੇਰੀ 'ਚ ਅਜੇ ਤੀਕ ਸਾਂਭੀਆਂ ਹੋਈਆਂ ਹਨ। ਲਾਇਬ੍ਰੇਰੀ ਜਿੱਥੇ ਗਿਆਨ ਦਾ ਖਜ਼ਾਨਾ


ਹੁੰਦੀ ਹੈ, ਉੱਥੇ ਤੁਹਾਡੇ ਘਰ ਦਾ ਸ਼ਿੰਗਾਰ ਵੀ ਹੁੰਦੀ ਹੈ।


ਮੈਨੂੰ ਚਿੱਠੀਆਂ ਵਾਲੀਆਂ ਟਿਕਟਾਂ ਇਕੱਠੀਆਂ ਕਰਨ ਦਾ ਵੀ ਸ਼ੌਕ ਸੀ ਪਰੰਤੂ ਇਹ ਸ਼ੌਕ ਅੱਗੇ ਨਾ ਤੁਰ ਸਕਿਆ। ਖੇਤੀਬਾੜੀ ਦੇ ਵਿਸ਼ੇ ਨਾਲ ਸੰਬੰਧਿਤ ਪੰਛੀਆਂ ਦੇ ਖੰਭਾਂ, ਫੁੱਲਾਂ ਤੇ ਫਸਲਾਂ ਦੇ ਬੀਜਾਂ ਦੀਆਂ ਐਲਬੰਮਾਂ ਬਣਾਉਣ ਲਈ ਸਾਡੇ ਅਧਿਆਪਕ ਸਾਨੂੰ ਆਖਦੇ। ਮੈਨੂੰ ਚਾਅ ਚੜ ਜਾਂਦਾ। ਅਸੀਂ ਐਲਬੰਮਾਂ ਤਿਆਰ ਕਰਦੇ। ਐਲਬੰਮਾਂ ਤਿਆਰ ਕਰਨਾ ਵੀ ਇੱਕ ਹੁੱਨਰ ਹੈ। ਵਸਤਾਂ ਸੰਗ੍ਰਹਿ ਕਰਨਾ, ਵਿਹਲੇ ਸਮੇਂ ਨੂੰ ਸਕਾਰਥ ਕਰਨ ਵਾਲੀ ਗੱਲ ਹੈ। ਚੀਜ਼ਾਂ ਨੂੰ ਸਲੀਕੇ ਨਾਲ ਸਾਂਭਣ ਦੀ ਆਦਤ ਪੈਂਦੀ ਹੈ। ਮੈਂ ਕਈ ਹੋਰ ਐਲਬੰਮਾਂ ਵੀ ਤਿਆਰ ਕੀਤੀਆਂ। ਇਸੇ ਸ਼ੌਕ ਕਰਕੇ ਮੈਂ ਆਪਣੀਆਂ ਪ੍ਰਕਾਸ਼ਿਤ ਸਾਹਿਤਕ ਰਚਨਾਵਾਂ ਨੂੰ ਵੱਖੋ-ਵੱਖਰੀਆਂ ਐਲਬੰਮਾਂ ਵਿੱਚ ਸਾਂਭ ਰੱਖਿਆ ਹੈ। ਮੇਰਾ ਇਹ ਖ਼ਜ਼ਾਨਾ ਹਨ। ਮੇਰੇ ਬੀਤੇ ਦਾ ਦਰਪਨ। ਜਦੋਂ ਜੀਅ ਚਾਹੇ ਮੈਂ ਇਨ੍ਹਾਂ ਰਾਹੀਂ ਆਪਣੀਆਂ ਯਾਦਾਂ ਨੂੰ ਜਗਾ ਸਕਦਾ ਹਾਂ। ਇਹ ਮੇਰੇ ਆਪੇ ਦਾ ਦਸਤਾਵੇਜ਼ੀ ਸਬੂਤ ਹਨ। ਘਰ ਪਰਿਵਾਰ ਤੇ ਹੋਰ ਸਮਾਗਮਾਂ ਨਾਲ ਸੰਬੰਧਿਤ ਫੋਟੋਆਂ ਨੂੰ ਵੀ ਮੈਂ ਇੰਜ ਹੀ ਐਲਬੰਮਾਂ ਦੇ ਰੂਪ ਵਿੱਚ ਸੰਭਾਲਿਆ ਹੋਇਆ ਹੈ।


ਆਪਣੀ ਸ਼੍ਰੇਣੀ ਵਿੱਚ ਮੈਂ ਸਿਹਤ ਪੱਖੋਂ ਕਮਜ਼ੋਰ ਵਿਦਿਆਰਥੀਆਂ ਵਿੱਚੋਂ ਸੀ ਪਰੰਤੂ ਪੜ੍ਹਾਈ ਵਿੱਚ ਸ਼੍ਰੇਣੀ ਦੇ ਪਹਿਲੇ ਪੰਜ ਵਿਦਿਆਰਥੀਆਂ ਵਿੱਚ ਮੇਰਾ ਨੰਬਰ ਜ਼ਰੂਰ ਲਿਆਂ ਜਾਂਦਾ ਸੀ। ਮੈਨੂੰ ਖੇਡਾਂ ਚੰਗੀਆਂ ਲਗਦੀਆਂ ਸਨ। ਕਬੱਡੀ ਦੀ ਖੇਡ ਮੈਨੂੰ ਚੰਗੀ ਲਗਦੀ ਸੀ ਪਰੰਤੂ ਇਸ ਖੇਡ ਵਿੱਚ ਮੈਨੂੰ ਝਾਕਾ ਹੀ ਰਿਹਾ। ਹਾਕੀ ਦੀ ਖੇਡ ਦਾ ਮੈਨੂੰ ਸ਼ੌਕ ਸੀ ਤੇ ਕਦੇ ਕਦੇ ਖੇਡਣ ਦੀ ਰੀਝ ਪੂਰੀ ਕਰਦਾ। ਮੈਂ ਸਰੀਰਕ ਪੱਖੋਂ ਹੌਲਾ ਹੋਣ ਕਾਰਨ, ਇਸ ਖੇਡ 'ਚ ਸ਼ੌਕ ਅਨੁਸਾਰ ਸਥਾਨ ਨਾ ਬਣਾ ਸਕਿਆ। ਇਹ ਘਾਟਾ ਮੈਂ ਪੜ੍ਹਾਈ ਵਿੱਚ ਪੂਰਾ ਕਰਕੇ ਆਪਣੀ ਹੋਂਦ ਬਣਾਈ। ਮੇਰੀ ਸੂਝ ਤੇ ਸ਼ਰਾਫ਼ਤ ਕਾਰਨ ਮੇਰੇ ਅਧਿਆਪਕ ਮੈਨੂੰ ਪੂਰਾ ਪਿਆਰ ਕਰਦੇ ਰਹੇ। ਮੈਂ ਆਪਣੇ ਅਧਿਆਪਕਾਂ ਦੀ ਨਜ਼ਰ ਵਿੱਚ ਸਦਾ ਹੀ ਚੰਗਾ ਬਣਨ ਦਾ ਉਦੇਸ਼ ਰੱਖਦਾ ਰਿਹਾ। ਮੇਰਾ ਆਪਣੇ ਸਹਿ-ਪਾਠੀਆਂ ਨਾਲ ਚੰਗਾ ਸਹਿਚਾਰ ਰਿਹਾ ਤੇ ਕਦੇ ਦਵੈਤ-ਭਾਵ ਜਾਂ ਬਦਲਾ-ਲਊ ਮੌਕਾ ਪੈਦਾ ਨਹੀਂ ਹੋਇਆ। ਦਸਵੀਂ 'ਚ ਮੇਰੇ ਜੀਵਨ ਦਾ ਪਹਿਲਾ ਤੇ ਗੂੜ੍ਹਾ, ਮਿੱਤਰ ਜਨਮੇਜਾ ਸਿੰਘ ਪਿੰਡ ਟੋਡਰਮਾਜਰਾ ਬਣਿਆ ਜਿਸ ਦੀ ਦੋਸਤੀ ਹੁਣ ਤੀਕ ਵੀ ਉਵੇਂ ਹੀ ਚਲੀ ਆ ਰਹੀ ਹੈ। ਦੋਸਤ ਬਣਾਉਣ ਦੀ ਰੀਝ ਤੋਂ ਮੈਨੂੰ ਭਰਪੂਰ ਪ੍ਰਸੰਨਤਾ ਪ੍ਰਾਪਤ ਹੋਈ। ਸੱਚੀ ਦੋਸਤੀ ਸੱਚਮੁੱਚ ਜੀਵਨ ਲਈ ਖੁਸ਼-ਨਸੀਬੀ ਹੁੰਦੀ ਹੈ। ਸ਼ੌਕ ਤੇ ਰੀਝਾਂ ਕਾਰਨ ਮੈਨੂੰ ਆਪਣਾ ਬਚਪਨ ਯਾਦ ਆਉਂਦਾ ਰਹਿੰਦਾ ਹੈ।

***


## ਯੂਨੀਸਟਾਰ ਬੁੱਕਸ ਦੀਆਂ ਕੁਝ ਹੋਰ ਬਾਲ ਪੁਸਤਕਾਂ






























©2007
**Baal Jharokha** by **Manmohan Singh Daun**
Published by **Lokgeet Parkashan**
S.C.O. 26-27, Sector 34-A, Chandigarh, Ph.: 0172-5077427, 5077428
Type Setting & Design **PCIS**
Printed & bound at **Jai Offset Press**, Chandigarh, Ph.: 0172-2640382
VISIT US AT www. unistarbooks.com
e-mail: info@unistarbooks.com, editorial@unistarbooks.com, sales@unistarbooks.com
**Ludhiana** : Punjabi Bhawan • 98154 71219

ISBN 817142109-1
9788171421091

**Rs. 40/-**